# ਕੈਨੇਡਾ ਦਰਪਣ

ਜਨਵਰੀ 31, 1986

**January 31, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ
# ਕੈਨੇਡਾ ਦਰਪਣ
Second Class Mail
Reg. No. 5991
(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

I.C.B.C. claim, Criminal law, Divorces, Estates, Wills, Companies, Land transfers, Mortgages, Immigration Appeal Board.

**D. Persad** B.A.,LL.B.

**Ph. Off. 521-8808**

Nyack & Persad
Barristers & Solicitors
Notaries

Box 390
4—514 Sixth Ave.
New Westminster, B.C.
CANADA. V3L 4Y7

WEEKENDING JANUARY 31, 1986 Vol. 5 No. 04 | P.O.BOX 67344 STN. 0 Vancouver, B.C. V5W 3T1 | PRICE 35¢ Out of Greater Vancouver 50¢ | Phone (604) 581-4473

# ਸ੍ਰੀ ਅਕਾਲ ਤਖਤ ਦੀ ਕਾਰ-ਸੇਵਾ ਬਾਰੇ ਫੈਡਰੇਸ਼ਨ ਅਤੇ ਅਕਾਲੀਆਂ ਵਿਚ ਸਮਝੌਤਾ

ਅੰਮ੍ਰਿਤਸਰ — ਸ਼ਰੋਮਣੀ ਗੁ: ਪ੍ਰੰ: ਕਮੇਟੀ ਅਤੇ ਆਲ ਇਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਕੱਲ੍ਹ ਰਾਤੀਂ ਸਮਝੌਤਾ ਹੋ ਗਿਆ ਜਿਸ ਅਨੁਸਾਰ ਸ੍ਰੀ ਅਕਾਲ ਤਖਤ ਦੀ ਕਾਰ-ਸੇਵਾ ਦਾ ਪ੍ਰਬੰਧ ਬਾਬਾ ਖੜਕ ਸਿੰਘ ਨੂੰ ਸੰਭਾਲਣ ਉਤੇ ਸਹਿਮਤੀ ਹੋ ਗਈ।

ਯਾਦ ਰਹੇ ਕਿ ਫੈਡਰੇਸ਼ਨ ਤੇ ਦਮਦਮੀ ਟਕਸਾਲ ਨੇ ਇਹ ਐਲਾਨ ਕੀਤਾ ਹੋਇਆ ਸੀ ਕਿ ਉਹ 26 ਜਨਵਰੀ ਨੂੰ ਸ੍ਰੀ ਅਕਾਲ ਤਖਤ ਦੀ ਨਵੀਂ ਉਸਾਰੀ ਦੀ ਕਾਰ-ਸੇਵਾ ਖੁਦ ਕਰਨਗੇ ਤੇ ਸ਼ਰੋਮਣੀ ਗੁ: ਪ੍ਰੰ: ਕਮੇਟੀ ਨੂੰ ਇਸ ਕਾਰ-ਸੇਵਾ ਵਿਚ ਹਿੱਸਾ ਨਹੀਂ ਲੈਣ ਦੇਣਗੇ।

ਇਸੇ ਕਾਰਨ ਪਿਛਲੇ ਤਿੰਨ ਦਿਨ ਸਥਿਤੀ ਬਹੁਤ ਗੰਭੀਰ ਰਹੀ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਅਕਾਲੀ ਸਰਕਾਰ ਦੇ ਨੇਤਾ ਸ: ਸੁਰਜੀਤ ਸਿੰਘ ਬਰਨਾਲਾ ਨੇ ਐਲਾਨ ਕਰ ਦਿਤਾ ਸੀ ਕਿ ਸ਼੍ਰੋਮਣੀ ਕਮੇਟੀ ਹੀ ਇਕ ਅਜਿਹੀ ਸਿੱਖਾਂ ਦੀ ਸੰਸਥਾ ਹੈ ਜਿਸ ਨੂੰ ਕਾਰ-ਸੇਵਾ ਦਾ ਅਧਿਕਾਰ ਹੈ। ਦਮਦਮੀ ਟਕਸਾਲ ਜਾਂ ਅਜਿਹੀਆਂ ਹੋਰ ਸੰਪਰਦਾਵਾਂ ਨੂੰ ਇਹ ਅਧਿਕਾਰ ਹਾਸਲ ਨਹੀਂ ਕਿ ਉਹ ਸ਼੍ਰੋਮਣੀ ਗੁ: ਪ੍ਰੰ: ਕਮੇਟੀ ਦੀ ਥਾਂ ਲੈ ਸਕਣ।

20 ਜਨਵਰੀ ਨੂੰ ਦਰਬਾਰ ਸਾਹਿਬ ਵਿਚ ਸਥਿਤੀ ਤਣਾਅਪੂਰਣ ਰਹੀ ਜਦੋਂ ਫੈਡਰੇਸ਼ਨ ਅਤੇ ਅਕਾਲੀ ਯੂਥ ਵਿੰਗ ਦੇ ਵਰਕਰ ਬੰਦੂਕਾਂ ਅਤੇ ਗੋਲੀ ਹਥਿਆਰਾਂ ਨਾਲ ਲੈਸ ਹੋ ਕੇ ਕ ਕੰਪਲੈਕਸ ਵਿਚ ਘੁੰਮਦੇ ਨਜ਼ਰ ਆਏ।

ਅਕਾਲੀ ਯੂਥ ਵਿੰਗ ਦੇ ਪ੍ਰਧਾਨ ਸ: ਪ੍ਰੇਮ ਸਿੰਘ ਚੰਦੋਮਾਜਰਾ ਨੇ ਕਿਹਾ ਕਿ ਧੱਕੇਸ਼ਾਹੀ ਨਹੀਂ ਚਲਣ ਦਿਤੀ ਜਾਵੇਗੀ। ਦੋਵਾਂ ਧੜਿਆਂ ਵਿਚਕਾਰ ਗੋਲੀ ਚਲਣ ਦੀਆਂ ਖਬਰਾਂ ਵੀ ਮਿਲੀਆਂ ਹਨ। ਜਿਸ ਵਿਚ ਫੈਡਰੇਸ਼ਨ ਦੇ ਦੋ ਵਿਅਕਤੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ।

## ਫੈਡਰੇਸ਼ਨ ਦੇ ਵਰਕਰਾਂ ਦੀਆਂ ਗ੍ਰਿਫਤਾਰੀਆਂ

ਫੈਡਰੇਸ਼ਨ ਦੇ 350 ਤੋਂ ਵੱਧ ਵਰਕਰ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ। ਅਕਾਲੀ ਸਰਕਾਰ ਨੇ 10 ਜਨਵਰੀ ਤੋਂ ਪਹਿਲਾਂ ਹੀ 600 ਦੇ ਕਰੀਬ ਫੈਡਰੇਸ਼ਨ ਵਰਕਰ ਹਿਰਾਸਤ ਵਿਚ ਲੈ ਲਏ ਸਨ।

20 ਜਨਵਰੀ ਤੋਂ ਭ ਹੀ ਦਸ ਹਜ਼ਾਰ ਦੇ ਕਰੀਬ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਅੰਮ੍ਰਿਤਸਰ ਪੁਜ ਚੁਕੇ ਸਨ ਤਾਂਕਿ ਫ਼ੈਡਰੇਸ਼ਨ ਵਾਲੇ ਕੰਪਲੈਕਸ ਉਤੇ ਕਬਜ਼ਾ ਨਾ ਕਰ ਸਕਣ।

# ਪਾਕਿਸਤਾਨ ਕੋਰਟ ਵਲੋਂ ਜਹਾਜ਼ ਅਗਵਾਕਾਰਾਂ ਨੂੰ ਫਾਂਸੀ ਅਤੇ ਉਮਰ ਕੈਦ ਦੀਆਂ ਸਜ਼ਾਵਾਂ

ਲਾਹੌਰ — ਪਾਕਿਸਤਾਨ ਵਿਚ ਭਾਰਤ ਤੋਂ ਜਹਾਜ਼ ਅਗਵਾ ਕਰਨ ਵਾਲੇ ਦਸ ਵਿਅਕਤੀਆਂ ਨੂੰ ਲਾਹੌਰ ਵਿਚ ਸਜ਼ਾਵਾਂ ਸੁਣਾ ਦਿਤੀਆਂ ਗਈਆਂ ਹਨ। ਤਿੰਨ ਅਗਵਾਕਾਰਾਂ ਪਰਮਿੰਦਰ ਸਿੰਘ ਹਰਫਨਮੌਲਾ, ਦਲੀਪ ਸਿੰਘ ਤੇ ਹਰਮਿੰਦਰ ਸਿੰਘ ਨੂੰ ਫਾਂਸੀ ਦੀ ਸਜ਼ਾ ਦਿਤੀ ਗਈ ਹੈ ਜਦਕਿ ਸਤ ਵਿਅਕਤੀਆਂ ਨੂੰ ਉਮਰਜ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਭਾਰਤ ਵਿਚੋਂ ਦੋ ਜਹਾਜ਼ ਅਗਵਾ ਕੀਤੇ ਗਏ ਹਨ ਸਨ। ਇਕ ਜਹਾਜ਼ ਸਤੰਬਰ 1981 ਵਿਚ ਅਗਵਾ ਕੀਤਾ ਗਿਆ ਸੀ ਜਿਸਦੇ ਅਗਵਾਕਾਰ ਰਾਜਿੰਦਰ ਸਿੰਘ, ਜਸਬੀਰ ਸਿੰਘ, ਥਰਾਜਿੰਦਰਪਾਲ ਸਿੰਘ, ਸਤਨਾਮ ਸਿੰਘ ਅਤੇ ਕਰਮ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਦੂਜਾ ਜਹਾਜ਼ ਜੁਲਾਈ 1984 ਵਿਚ ਅਗਵਾ ਕੀਤਾ ਗਿਆ ਸੀ ਜਿਸ ਵਿਚ 9 ਵਿਅਕਤੀ ਸ਼ਾਮਲ ਸਨ। ਇਸ ਦੇ ਅਗਵਾਕਾਰਾਂ ਪਰਪਪਰਮਿੰਦਰ ਸਿੰਘ ਹਰਫਨ ਮੌਲਾ, ਦਲੀਪ ਸਿੰਘ ਅਤੇ ਹਰਿਮੰਦਰ ਸਿੰਘ ਨੂੰ ਕੋਰਟ ਨੇ ਫਾਂਸੀ ਦੀ ਸਜ਼ਾ ਸੁਣਾਈ ਹੈ। ਦੋ ਵਿਅਕਤੀਆਂ ਰਵਿੰਦਰ ਸਿੰਘ ਅਤੇ ਗੁਰਦੀਪ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਦਿਤੀ ਗਈ ਹੈ ਜਦਕਿ ਚਾਰ ਵਿਅਕਤੀ ਨਿਰਦੋਸ਼ ਕਰਾਰ ਦਿਤੇ ਗਏ ਹਨ।

# ਚੰਡੀਗੜ੍ਹ 26 ਜਨਵਰੀ ਨੂੰ ਪੰਜਾਬ ਹਵਾਲੇ ਹੋਵੇਗਾ

## 'ਰੀਪਬਲਿਕ ਡੇ' ਪਰੇਡ ਚੰਡੀਗੜ੍ਹ ਵਿਚ ਹੋਵੇਗੀ

ਚੰਡੀਗੜ੍ਹ — ਸਾਡੇ ਪੱਤਰਪਰੇਰਕ ਅਨੁਸਾਰ ਚੰਡੀਗੜ੍ਹ ਨੂੰ ਪੰਜਾਬ ਦੇ ਹਵਾਲੇ 26 ਜਨਵਰੀ ਨੂੰ ਕੀਤਾ ਜਾ ਰਿਹਾ ਹੈ। ਪੰਜਾਬ ਦੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਭਾਰਤ ਦਾ 36ਵਾਂ 'ਰੀਪਬਲਿਕ ਡੇ' ਪੰਜਾਬ ਸਰਕਾਰ ਚੰਡੀਗੜ੍ਹ ਵਿਚ ਹੀ ਮਨਾਵੇਗੀ।

ਸ: ਬਰਨਾਲਾ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਅਤੇ ਵਿਰੋਧੀ ਪਾਰਟੀਆਂ ਵਲੋਂ ਜੋ ਵਾਵੇਲਾ ਖੜ੍ਹਾ ਕੀਤਾ ਜਾ ਰਿਹਾ ਹੈ, ਉਹ ਹਰਿਆਣੇ ਦੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਹੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਬੋਹਰ ਅਤੇ ਫਾਜ਼ਿਲਕਾ ਦੇ ਇਲਾਕੇ ਹਰਿਆਣੇ ਨੂੰ ਨਹੀਂ ਦਿਤੇ ਜਾ ਰਹੇ ਕੇਵਲ ਚੰਡੀਗੜ੍ਹ ਬਦਲੇ ਜ਼ਿਲਾ ਅੰਬਾਲਾ ਨਾਲ ਲਗਦੇ ਕੁਝ ਪਿੰਡ ਜੋ ਹਿੰਦੀ ਭਾਸ਼ਾ ਵਾਲੇ ਹਨ ਉਹ 26 ਫਰਵਰੀ ਜਨਵਰੀ ਨੂੰ ਹਰਿਆਣੇ ਨੂੰ ਦਿਤੇ ਜਾ ਰਹੇ ਹਨ।

ਸ੍ਰੀ ਅਕਾਲ ਤਖਤ ਦੀ ਕਾਰ-ਸੇਵਾ ਬਾਰੇ ਇਕ ਸਵਾਲ ਦੇ ਜਵਾਬ ਦਿੰਦਿਆਂ ਸ: ਬਰਨਾਲਾ ਨੇ ਕਿਹਾ ਕਿ ਸਿੱਖ ਪੰਥ ਇਸ ਸਮੇਂ ਏਕਤਾ ਵੱਲ ਵਧ ਰਿਹਾ ਹੈ ਅਤੇ ਪੰਜਾਬ-ਵਿਰੋਧੀ ਅਨਸਰ ਆਪਣੇ ਆਪ ਹੀ ਪੰਜਾਬ ਦੇ ਲੋਕਾਂ ਨਾਲੋਂ ਕੱਟਿਆ ਗਿਆ ਹੈ। ਉਨ੍ਹਾਂ ਫੈਡਰੇਸ਼ਨ ਅਤੇ ਸ਼ਰੋਮਣੀ ਕਮੇਟੀ ਵਿਚਕਾਰ ਕਾਰ ਸੇਵਾ ਬਾਰੇ ਸਹਿਮਤੀ ਹੋਣ ਉਤੇ ਖੁਸ਼ੀ ਦਾ ਇਜ਼ਹਾਰ ਕੀਤਾ।

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ਼੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

**Ph: 874-9525**

ROYAL
new & used
FURNITURE

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

- ਲਿਵਿੰਗ ਰੂਮ
- ਡਾਇਨਿੰਗ ਰੂਮ
- ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼੍ਰੀਦੋ

*** New * Used or * Trade-ins**

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ



## ਰੌਇਲ ਫਰਨੀਚਰ ਲਿਮ:

.2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)

# ਇੰਦਰਾ ਗਾਂਧੀ ਕਤਲ ਕੇਸ ਦਾ ਫੈਸਲਾ ਸਤਵੰਤ ਸਿੰਘ, ਬਲਬੀਰ ਸਿੰਘ ਤੇ ਕਿਹਰ ਸਿੰਘ ਦੋਸ਼ੀ ਕਰਾਰ

ਨਵੀਂ ਦਿੱਲੀ — ਇੰਦਰਾ ਗਾਂਧਂ ਕਤਲ ਕੇਸ ਦਾ ਫੈਸਲਾ ਜਸਟਿਸ ਮਹੇਸ਼ ਚੰਦਰ ਨੇ ਸੁਣਾਉਂਦਿਆਂ ਸਤਵੰਤ ਸਿੰਘ, ਬਲਵੀਰ ਸਿੰਘ ਅਤੇ ਕਿਹਰ ਸਿੰਘ ਨੂੰ ਦੋਸ਼ੀ ਕਰਾਰ ਦੇ ਦਿਤਾ ਹੈ। ਸਤਵੰਤ ਪਿਸੰਘ ਨੂੰ ਕਤਲ ਦਾ ਦੋਸ਼ੀ ਕਰਾਰ ਦਿੰਦਿਆਂ ਜੱਜ ਨੇ ਫਾਂਸੀ ਦੀ ਸਜ਼ਾ ਦਾ ਹੁਕਮ ਦਿਤਾ ਹੈ। ਕਿਹਰ ਸਿੰਘ ਅਤੇ ਬਲਵੀਰ ਸਿੰਘ ਨੂੰ ਇੰਦਰਾ ਗਾਂਧੀ ਦੇ ਕਤਲ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਕਾਰਨ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ।

22 ਜਨਵਰੀ ਨੂੰ ਆਪਣੇ ਦਿਤੇ ਫੈਸਲੇ ਵਿਚ ਜੱਜ ਨੇ ਕਿਹਾ ਹੈ ਕਿ ਸਤਵੰਤ ਸਿੰਘ ਅਤੇ ਬੇਅੰਤ ਸਿੰਘ ਨੇ ਇਹ ਕਤਲ ਕੀਤਾ। ਬੇਅੰਤ ਸਿੰਘ ਉਸੇ ਸਮੇਂ ਗੋਲੀਆਂ ਨਾਲ ਮਾਰ ਦਿਤਾ ਗਿਆ ਸੀ ਜਦਕਿ ਸਤਵੰਤ ਸਿੰਘ ਜ਼ਖਮੀ ਹਾਲਤ ਵਿਚ ਪਾਇਆ ਗਿਆ ਸੀ।

ਇੰਦਰਾ ਗਾਂਧਂ ਦਾ ਇਹ ਕਤਲ 31 ਅਕਤੂਬਰ 1984 ਨੂੰ ਉਨ੍ਹਾਂ ਦੇ ਆਪਣੇ ਘਰ ਵਿਚ ਹੀ ਕਰ ਦਿ ਤਾ ਗਿਆ ਸੀ।

ਖਬਰਾਂ ਅਨੁਸਾਰ ਜਿਸ ਸਮੇਂ ਸਜ਼ਾ ਸੁਣਾਈ ਗਈ ਉਸ ਸਮੇਂ ਕੋਰਟ ਵਿਚ ਖਾਮੋਸ਼ੀ ਦਾ ਮਾਹੌਲ ਸੀ ਅਤੇ ਤਿੰਨਾਂ ਵਿਅਕਤੀਆਂ ਨੇ ਚੁਪਚਾਪ ਸਜ਼ਾ ਸੁਣੀ।

ਇਹ ਵੀ ਪਤਾ ਲੱਗਾ ਹੈ ਕਿ ਨਵੀਂ ਦਿੱਲੀ ਅਤੇ ਪੰਜਾਬ ਵਿਚ ਸੁਰੱਖਿਆ ਦਸਤੇ ਪੂਰੇ ਤਰ੍ਹਾਂ ਚੇਤੰਜ਼ਨ ਕਰ ਦਿਤੇ ਗਏ ਹਨ ਤਾਕਿ ਸਜ਼ਾਵਾਂ ਦੀ ਖਬਰ ਸੁਣਕੇ ਲੋਕ ਭੜਕ ਨਾ ਉਠਣ।

## ਦਹਿਸ਼ਤਪਸੰਦਾਂ ਦੇ ਦੋ ਟੋਲੇ ਪੰਜਾਬ 'ਚ ਦਾਖਲ?

ਅੰਮ੍ਰਿਤਸਰ — ਅਗਲੇ ਦੋ ਹਫਤਿਆਂ ਦੌਰਾਨ ਕਥਿਤ ਦਹਿਸ਼ਤਪਸੰਦਾਂ ਵਲੋਂ ਆਪਣੀਆਂ ਸਰਗਰਮੀਆਂ ਇਕ ਵਾਰ ਫੇਰ ਤੇਜ਼ ਕਰਨ ਦੀ ਸੰਭਾਵਨਾ ਹੈ। ਪਤਾ ਲੱਗਾ ਹੈ ਕਿ ਕੁਝ ਦਹਿਸ਼ਤਪਸ ਪ੍ਰਸਤ ਪਿਛਲੇ ਦਿਨੀਂ ਸਰਹੱਦ ਪਾਰ ਕਰਕੇ ਪਾਕਿਸਤਾਨ ਤੋਂ ਭਾਰਤ ਪੁੱਜੇ ਹਨ। ਪੁਲੀਸ ਦੇ ਖੁਫੀਆ ਸੂਤਰਾਂ ਅਨੁਸਾਰ 21 ਅਤੇ 16 ਦਹਿਸ਼ਤਪਸੰਦਾਂ ਦੇ ਦੋ ਟੋਲੇ ਪੰਜਾਬ ਵਿਚ ਇਸ ਹਫਤੇ ਦਾਖਲ ਹੋਏ ਹਨ। ਉਹ ਬਹੁਤ ਆਧੁਨਿਕ ਹਥਿਆਰਾਂ ਨਾਲ ਲੈਸ ਹਨ ਅਤੇ ਉਨ੍ਹਾਂ ਦਾ ਮਕਸਦ ਵੱਡੀ ਪੱਧਰ ਉਤੇ ਰਾਜ ਵਿਚ ਗੜਬੜ ਪੈਦਾ ਕਰਨਾ ਹੈ। ਇਸ ਮਕਸਦ ਲਈ ਉਹ ਸਿਆਸੀ ਨੇਤਾਵਾਂ ਦੇ ਕਤਲ ਵੀ ਕਰ ਸਕਦੇ ਹਨ ਜਿਨ੍ਹਾਂ ਵਿਚ ਅਕਾਲੀ ਦਲ ਦੇ ਨੇਤਾ ਵੀ ਸ਼ਾਮਲ ਹੋ ਸਕਦੇ ਹਨ।

ਇਨ੍ਹਾਂ ਸੂਤਰਾਂ ਅਨੁਸਾਰ ਇਹ ਟੋਲਾ ਪੰਜਾਬ ਭਰ ਵਿਚ ਫੈਲ ਗਿਆ ਹੈ ਅਤੇ ਇਹ ਆਪਣੀਆਂ ਸਰਗਰਮੀਆਂ 26 ਜਨਵਰੀ ਤੋਂ ਤੇਜ਼ ਕਰ ਦੇਵੇਗਾ। ਰਾਜ ਭਰ ਦੀ ਪੁਲੀਸ ਨੂੰ ਚੌਕਸ ਕਰ ਦਿਤਾ ਗਿਆ ਹੈ। ਪੁਲੀਸ ਨੂੰ ਖ ਖਦਸ਼ਾ ਹੈ ਕਿ 26 ਜਨਵਰੀ ਤਕ ਕਾਫੀ ਵਾਰਦਾਤਾਂ ਹੋਣਗੀਆਂ ਤਾਂ ਜੋ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਲਾਗੂ ਕਰਨ ਤੋਂ ਰੋਕਿਆ ਜਾ ਸਕੇ। 26 ਜਨਵਰੀ ਦੀ ਬਹੁਤ ਮਹੱਤਤਾ ਹੈ ਕਿਉਂਕਿ ਇਕ ਤਾਂ ਇਸ ਦਿਨ ਚੰਡੀਗੜ੍ਹ ਪੰਜਾਬ ਨੂੰ ਮਿਲੇਗਾ ਅਤੇ ਦੂਜਾ ਇਸ ਦਿਨ ਦਮਦਮੀ ਟਕਸਾਲ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਅਕਾਲ ਤਖਤ ਦੀ ਕਾਰ ਸੇਵਾ ਸ਼ੁਰੂ ਕਰਨ ਦਾ ਐਲਾਨ ਕੀਤਾ ਹੋਇਆ ਹੈ।

### ਇਕ ਕਤਲ

ਸੰਗਰੂਰ ਤੋਂ ਪੱਤਰ ਪਰੇਕ ਅਨੁਸਾਰ ਜ਼ਿਲਾ ਹੈਡਕੁਆਰਟਰ ਤੋਂ ਕਰੀਬ ਪੰਜਾਹ ਕਿਲੋਮੀਟਰ ਦੂਰ ਕਸਬਾ ਭਦੌੜ ਵਿਚ ਤਿੰਨ ਅਣਪਛਾਤੇ ਵਿਅਕਤੀਆਂ ਨੇ ਵਿਲਾਇਤੀ ਰਾਮ ਨਾਂ ਦੇ ਇਕ ਰਾਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਨੂੰ ਗੋਲੀਆਂ ਮਾਰ ਕੇ ਮਾਰ ਦਿਤਾ। ਹਮਲਾਵਰਾਂ ਨੂੰ ਮੂੰਹਾਂ ਉਤੇ ਸਾਫੇ ਬੰਨ੍ਹੇ ਹੋਏ ਸਨ। ਉਨ੍ਹਾਂ ਵਲਾਇਤੀ ਰਾਮ ਨੂੰ ਆਵਾਜ਼ ਦੇ ਕੇ ਬਾਹਰ ਸੱਦਿਆ ਅਤੇ ਉਸਦੇ ਬਾਹਰ ਆਉਂਦੇ ਹੀ ਗੋਲੀਆਂ ਚਲਾ ਦਿਤੀਆਂ। ਮਗਰੋਂ ਉਨ੍ਹਾਂ ਹਵਾ ਵਿਚ ਗੋਲੀਆਂ ਚਲਾਈਆਂ। ਸੂਚਨਾ ਮਿਲਣ ਉਤੇ ਪੁਲੀਸ ਪਾਰਟੀ ਮੌਕੇ ਉਤੇ ਪੱਜ ਗਈ ਅਤੇ ਦਹਿਸ਼ਤਪਸੰਦਾਂ ਅਤੇ ਪੁਲੀਸ ਦਰਮਿਆਨ ਕਾਫੀ ਦੇਰ ਤਕ ਗੋਲੀ ਚਲ ਚਲਦੀ ਰਹੀ। ਪਰ ਹਮਲਾਵਰ ਹਨੇਰੇ ਦਾ ਲਾਭ ਉਠਾ ਕੇ ਨੱਸਣ ਵਿਚ ਸਫਲ ਹੋ ਗਏ। ਇਹ ਟਾਕਰਾ ਪਿੰਡ ਅਲਕਰਾ ਲਾਗੇ ਹੋਇਆ।

### ਜ਼ਖਮੀ

ਜਲੰਧਰ — ਹੁਸ਼ਿਆਰਪੁਰ ਜ਼ਿਲੇ ਵਿਚ ਦਸੂਹਾ ਲਾਗਲੇ ਪਿੰਡ ਤਲਵੰਡੀ ਦੇ ਧਰਮ ਸਿੰਘ ਨੂੰ ਅਣਪਛਾਤੇ ਵਿਅਕਤੀਆਂ ਨੇ ਗੋਲੀ ਮਾਰ ਕੇ ਜ਼ਖਮੀ ਕਰ ਦਿਤਾ। ਇਕ ਹੋਰ ਘਟਨਾ ਵਿਚ ਮੁਕੇਰੀਆ ਲਾਗੇ ਜਸਬੀਰ ਸਿੰਘ ਨਾਂ ਦੇ ਵਿਅਕਤੀ ਨੂੰ ਉਸ ਵੇਲੇ ਗੋਲੀ ਮਾਰ ਕੇ ਜ਼ਖਮੀ ਕਰ ਦਿਤਾ ਗਿਆ ਜਦੋਂ ਉਹ ਸਕੂਟਰ ਉਤੇ ਆਪਣੀ ਪਤਨੀ ਨਾਲ ਜਾ ਰਿਹਾ ਸੀ।

### ਝੂਠਾ ਮੁਕਾਬਲਾ

ਅੰਮ੍ਰਿਤਸਰ — ਇਸੇ ਸਮੇਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਕਾਹਲੋਂ ਧੜਾ) ਨੇ ਦੋਸ਼ ਲਾਇਆ ਹੈ ਕਿ ਦਸ ਜਨਵਰੀ ਨੂੰ ਸੁਲਤਾਨਪੁਰ ਲੋਧੀ ਵਿਚ ਚਾਰ ਬੇਕਸੂਰ ਸਿੱਖਾਂ ਨੂੰ ਝੂਠੇ ਕੇਸਾਂ ਵਿਚ ਫਸਾਇਆ ਗਿਆ ਅਤੇ ਉਨ੍ਹਾਂ ਵਿਚੋਂ ਇਕ ਲੱਖਾ ਸਿੰਘ ਉਰਫ ਤਾਰਾ ਸਿੰਘ ਨੂੰ ਪੁਲੀਸ ਨੇ ਝੂਠਾ ਮੁਕਾਬਲਾ ਬਣਾ ਕੇ ਕਤਲ ਕੀਤਾ। ਰਿਪੋਰਟਾਂ ਮੁਤਾਬਕ ਪੁਲੀਸ ਨੇ ਇਕ ਅਕਾਲੀ ਨੇਤਾ ਨੂੰ ਕਤਲ ਕਰਕੇ ਨੱਸੇ ਜਾ ਰਹੇ ਤਿੰਨ ਵਿਅਕਤੀਆਂ ਨੂੰ ਫੜ ਲਿਆ ਸੀ ਅਤੇ ਚੌਥਾ ਗੋਲੀ ਲੱਗਣ ਨਾਲ ਮਰ ਗਿਆ ਸੀ। ਫੈਡਰੇਸ਼ਨ ਦੇ ਵਿਤ ਸਕੱਤਰ ਕੁਲਦੀਪ ਸਿੰਘ ਕਾਹਲੋਂ ਅਤੇ ਕਪੂਰਥਲਾ ਇਕਾਈ ਦੇ ਪ੍ਰਧਾਨ ਸਵਰਨ ਸਿੰਘ ਖਾਲਸਾ ਅਨੁਸਾਰ ਫੜੇ ਗਏ ਤਿੰਨ ਵਿਅਕਤੀ ਕਿਥੇ ਰੱਖੇ ਗਏ ਹਨ, ਇਸ ਦਾ ਕੁਝ ਪਤਾ ਨਹੀਂ ਲੱਗਾ।

### ਮਾਫੀ ਮੰਗੋ

ਇਸ ਦੇ ਨਾਲ ਹੀ ਸੰਯੁਕਤ ਅਕਾਲੀ ਦਲ ਨੇ ਅਕਾਲੀ ਦਲ (ਲੌਂਗੋਵਾਲ) ਦੇ ਨੇਤਾਵਾਂ ਤੋਂ ਮੰਗ ਕੀਤੀ ਹੈ ਕਿ ਉਹ ਸਿੱਖ ਸੰਗਤ ਨੂੰ ਗੁੰਮਰਾਹ ਕਰਨ ਬਦਲੇ ਸੰਗਤ ਪਾਸੋਂ ਮਾਫੀ ਮੰਗਣ। ਪਾਰਟੀ ਦੇ ਸਕੱਤਰ ਸੂਰਤ ਸਿੰਘ ਖਾਲਸਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਇਸ ਬਿਆਨ ਨਾਲ ਕਿ ਲਿਖਤ ਪੰਜਾਬ ਸਮਝੌਤੇ ਤੋਂ ਬਿਨਾਂ ਹੋਰ ਕੋਈ ਅਣਲਿਖਤ ਸਮਝੌਤਾ ਨਹੀਂ ਸੀ, ਅਕਾਲੀ ਨੇਤਾਵਾਂ ਦੇ ਝੂਠ ਦੀ ਕਲਈ ਖੁੱਲ੍ਹ ਗਈ ਹੈ।

## ਜਾਂਚ ਕਮਿਸ਼ਨ ਨਿਯੁਕਤ

ਜਲੰਧਰ — ਬੀਤੇ ਦਿਨੀਂ ਗੁਰਦਾਸਪੁਰ ਵਿਚ ਹਿੰਸਕ ਵਾਰਦਾਤਾਂ ਦੌਰਾਨ ਕਾਂਗਰਸ (ਆਈ) ਦੇ ਇਕ ਨੇਤਾ ਦੇ ਸਪੁੱਤਰ ਦੀ ਮੌਤ ਦੇ ਕਾਰਨਾਂ ਦੀ ਜਾਂਚ ਲਈ ਜਲੰਧਰ ਡਵੀਜ਼ਨ ਦੇ ਕਮਿਸ਼ਨ ਸ੍ਰੀ ਦਿਨੇਸ਼ ਚੰਦਰ ਨੂੰ ਇਕ ਮੈਂਬਰੀ ਕਮਿਸ਼ਨ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਕ ਸਰਕਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਸ੍ਰੀ ਦਿਨੇਸ਼ ਚੰਦਰ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਦੀ ਅਦਾਲਤ ਵਿਚ 28 ਅਤੇ 29 ਜਨਵਰੀ ਨੂੰ ਸੁਣਵਾਈ ਕਰਨਗੇ। ਇਸ ਤੋਂ ਪਹਿਲਾਂ ਸਰਕਾਰ ਨੇ ਇਸ ਵਾਰਦਾਤ ਦੀ ਮੈਜਿਸਟਰੇਟੀ ਜਾਂਚ ਕਰਾਉਣ ਦਾ ਐਲਾਨ ਕੀਤਾ ਸੀ ਪਰ ਪੰਜਾਬ ਹਿੰਦੂ ਸ਼ਿਵ ਸੈਨਾ ਅਤੇ ਬਰਾਹਮਣ ਸਭਾ ਨੇ ਮੈਜਿਸਟਰੇਟੀ ਜਾਂਚ ਦਾ ਫੈਸਲਾ ਰੱਦ ਕਰ ਦਿਤਾ ਸੀ।

## ਸਮ ਝੌਤਾ ਨਹੀਂ ਕੀਤਾ

ਨਵੀਂ ਦਿੱਲੀ — ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਭਾਰਤ ਅਤੇ ਪਾਕਿਸਤਾਨ ਨੇ ਕਿਸੇ ਸਮਝੌਤੇ ਉਤੇ ਨਹੀਂ ਸਗੋਂ 'ਬਹਿਸ ਮੁਬਾਹਸੇ ਬਾਰੇ ਦੋਪਾਸੜ ਪ੍ਰਵਾਨਤ ਰਿਕਾਰਡ' ਉਤੇ ਦਸਤਖਤ ਕੀਤੇ ਹਨ। ਇਹ ਵਿਚਾਰ ਵਟਾਂਦਰਾ ਵਿ ਵਿਤ ਮੰਤਰੀ ਵੀ. ਪੀ. ਸਿੰਘ ਦੇ ਇਸਲਾਮਾਬਾਦ ਦੇ ਤਿੰਨ ਦਿਨਾਂ ਦੌਰੇ ਦੌਰਾਨ ਆਰੰਭ ਹੋਇਆ। ਤਿੰਨ ਦਿਨਾਂ ਦੇ ਇਸ ਦੌਰੇ ਦਾ ਮਕਸਦ ਆਪਸੀ ਵਪਾਰਕ ਤੇ ਆਰਥਕ ਸਬੰਧਾਂ ਦਾ ਵਿਸ਼ੇਸ਼ ਵਿਸਥਾਰ ਕਰਨਾ ਸੀ।

ਇਥੇ ਜਾਰੀ ਕੀਤੇ ਗਏ ਇਕ ਸਰਕਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਦੋਵੇਂ ਧਿਰਾਂ ਇਸ ਗੱਲ ਉਤੇ ਸਹਿਮਤ ਹੋ ਗਈਆਂ ਹਨ ਕਿ ਉਹ ਵਪਾਰ ਨੂੰ ਕਿਰਾਇਆ ਤੇ ਵਪਾਰ ਬਾਰੇ ਕੌਮਾਂਤਰੀ ਸਮਝੌਤੇ (ਮਦ) ਦੇ ਮੁਤਾਬਕ ਅੱਗੇ ਵਧਾਉਣਗੇ। ਦੋਪਾਸੜ ਵਪਾਰ ਨੂੰ ਹੋਰ ਤੇਜ਼ ਕਰਨ ਲਈ ਇਸ ਗੱਲ ਉਤੇ ਸਹਿਮਤੀ ਹੋਈ ਕਿ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰੀ ਏਜੰਸੀਆਂ ਰਾਹੀਂ ਵਪਾਰ ਕਰਕੇ ਚਾਲੂ ਮਾਲੀ ਸਾਲ ਦੌਰਾਨ ਇਸ ਦੀ ਮਾਤਰਾ ਦੁੱਗਣਾ ਕੀਤੀ ਜਾਵੇ।

ਦੋਵੇਂ ਮੰਤਰੀ ਦੋਹਾਂ ਦੇਸ਼ਾਂ ਦੇ ਸਨਅਤੀ ਤੇ ਵਪਾਰਕ ਭਾਈਚਾਰੇ ਦਰਮਿਆਨ ਵਧੇਰੇ ਸੰਪਰਕ ਦੀ ਲੋੜ ਉਤੇ ਸਹਿਮਤ ਹੋ ਗਏ ਹਨ। ਇਸ ਲਈ ਦੋਹਾਂ ਦੇਸ਼ਾਂ ਦੇ ਵਪਾਰੀਆਂ, ਸਨਅਤਕਾਰਾਂ ਅਤੇ ਮਾਹਿਰਾਂ ਦੇ ਪ੍ਰਤੀਨਿਧ ਮੰਡਲਾਂ ਦਾ ਵਟਾਂਦਰਾ ਕਰਨ ਬਾਰੇ ਸਹਿਮਤੀ ਪ੍ਰਗਟ ਕੀਤੀ ਗਈ। ਮੰਤਰੀ ਪੱਧਰ ਦੀ ਮੀਟਿੰਗ ਤੋਂ ਬਾਅਦ ਪਾਕਿਸਤਾਨ ਇਸ ਗੱਲ ਲਈ ਸਹਿਮਤ ਹੋ ਗਿਆ ਕਿ ਸ਼ੁਰੂ ਵਿਚ 42 ਵਸਤਾਂ ਸਬੰਧੀ ਆਪਣੇ ਪ੍ਰਾਈਵੇਟ ਸੈਕਟਰ ਨੂੰ ਵਪਾਰ ਦੀ ਇਜਾਜ਼ਤ ਦੇ ਦੇਵੇਗਾ।

## ਫੈਡਰੇਸ਼ਨ ਦਾ ਦਫਤਰ ਚੁਕ ਦਿਤਾ ਗਿਆ

ਇਕ ਖਬਰ ਅਨੁਸਾਰ ਯੂਥ ਅਕਾਲੀ ਦਲ ਦੇ ਵਰਕਰਾਂ ਨੇ ਫੈਡਰੇਸ਼ਨ ਵਲੋਂ ਕਾਰ-ਸੇਵਾ ਲਈ ਬਣਾਇਆ ਦਫਤਰ ਚੁਕ ਦਿਤਾ ਅਤੇ ਬੋਰਡ ਵੀ ਲਾਹ ਦਿਤਾ ਗਿਆ। ਯਾਦ ਰਹੇ ਕਿ ਫੈਡਰੇਸ਼ਨ ਦੋ ਧੜਿਆਂ ਵਿਚ ਵੰਡੀ ਜਾ ਚੁੱਕੀ ਹੈ ਅਤੇ ਹਰਵਿੰਦਰ ਸਿੰਘ ਖਾਲਸਾ ਦਾ ਧੜਾ ਯੂਥ ਅਕਾਲੀਹ ਦਲ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਜਦਕਿ ਫੈਡਰੇਸ਼ਨ ਦਾ ਮਨਜੀਤ ਸਿੰਘ ਧੜਾ ਦਮਦਮੀ ਟਕਸਾਲ ਨਾਲ ਮਿਲਕੇ ਕੰਮ ਕਰ ਰਿਹਾ ਹੈ। ਇਸ ਧੜੇ ਦੇ ਬਹੁਤੇ ਆਗੂ ਜੇਲ੍ਹਾਂ ਵਿਚ ਹਨ।

## 26 ਜਨਵਰੀ ਲਈ ਤਿਆਰੀਆਂ

ਚੰਡੀਗੜ੍ਹ — ਗਣਰਾਜ ਦਿਵਸ ਦੀ ਪਰੇਡ 26 ਜਨਵਰੀ ਨੂੰ ਪਰੇਡ ਗਰਾਉਂਡ ਸੈਕਟਰ 17 ਵਿਚ ਆਯੋਜਿਤ ਕੀਤੀ ਜਾਵੇਗੀ। ਜਾਣਕਾਰ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਪੰਜਾਬ ਸਰਕਾਰ ਨੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਗਣਰਾਜ ਦਿਵਸ ਦੇ ਸਮਾਰੋਹ ਦੇ ਸਾਰੇ ਪ੍ਰਬੰਧ ਪ੍ਰਸ਼ਾਸਨ ਵਲੋਂ ਹੀ ਕੀਤੇ ਜਾਣ। ਪੰਜਾਬ ਸਰਕਾਰ ਨੇ ਗਣਰਾਜ ਦਿਵਸ ਦੀ ਪਰੇਡ ਦੇ ਪ੍ਰਬੰਧਾਂ ਲਈ ਪੰਜਾਬ ਦੇ ਦੋ ਅਧਿਕਾਰੀਆਂ ਨੂੰ ਪ੍ਰਸ਼ਾਸਨ ਨਾਲ ਤਾਲਮੇਲ ਰੱਖਣ ਲਈ ਨਿਯੁਕਤ ਕੀਤਾ ਹੈ। ਪ੍ਰਸ਼ਾਸਨ ਨੇ ਗਣਰਾਜ ਦਿਵਸ ਦੀ ਪਰੇਡ ਸੈਕਟਰ ਇਕ ਸਥਿਤ ਰਾਜਿੰਦਰਾ ਪਾਰਕ ਵਿਚ ਆਯੋਜਿਤ ਕਰਨ ਦਾ ਸੁਝਾਅ ਦਿੱਤਾ ਸੀ। ਪੰਜਾਬ ਸਰਕਾਰ ਨੇ ਇਹ ਸੁਝਾਅ ਰੱਦ ਕਰ ਦਿਤਾ ਹੈ। ਇਥੇ ਇਹ ਗੱਲ ਵਰਨਣਯੋਗ ਹੈ ਕਿ ਲਗਭਗ 34 ਸਾਲ ਪਹਿਲਾਂ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਨੇ, ਚੰਡੀਗੜ੍ਹ ਦਾ ਨੀਂਹ ਪੱਥਰ ਰਾਜਿੰਦਰਾ ਪਾਰਕ ਸੈਕਟਰ ਇਕ ਵਿਚ ਰਖਿਆ ਸੀ। ਇਸ ਲਈ ਇਸ ਪਾਰਕ ਦਾ ਨਾਂ ਉਨ੍ਹਾਂ ਦੇ ਨਾ ਉਤੇ ਰੱਖ ਦਿਤਾ ਗਿਆ ਸੀ।

## ਬਾਬਾ ਸੰਤਾ ਸਿੰਘ ਦੀ ਜ਼ਮਾਨਤ

ਪਟਿਆਲਾ — ਐਡੀਸ਼ਨਲ ਸੈਸ਼ਨ ਜੱਜ ਐਮ. ਐਸ. ਝੁਥਾਲ ਨੇ ਨਿਹੰਗ ਮੁਖੀ ਬਾਬਾ ਸੰਤਾ ਸਿੰਘ ਦੀ ਜ਼ਮਾਨਤ ਦੀ ਅਰਜ਼ੀ ਪ੍ਰਵਾਨ ਕਰ ਲਈ ਹੈ। ਡਾਕਟਰਾਂ ਦੀ ਟੀਮ ਵਲੋਂ ਬਾਬਾਂ ਸੰਤਾ ਸਿੰਘ ਦੀ ਬੀਮਾਰੀ ਦੀ ਪੁਸ਼ਟੀ ਕੀਤੇ ਜਾਣ ਉਤੇ ਉਨ੍ਹਾਂ ਨੂੰ ਜ਼ਮਾਨਤ ਉਤੇ ਛੱਡ ਦਿਤਾ ਗਿਆ। ਬਾਬਾ ਦੀ ਜ਼ਮਾਨਤ ਲਈ ਦਾਇਰ ਕੀਤੀ ਗਈ ਪਹਿਲੀ ਅਰਜ਼ੀ ਸੈਸ਼ਨ ਜੱਜ ਸ੍ਰੀ ਟੀ. ਐਸ. ਚੀਮਾ ਵਲੋਂ ਰੱਦ ਕਰ ਦਿਤੀ ਗਈ ਸੀ।

## ਫੈਡਰੇਸ਼ਨ ਆਗੂ ਖਾਲਸਾ ਬਰੀ

ਪਟਿਆਲਾ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਖਾਲਸਾ ਧੜਾ) ਦੇ ਪ੍ਰਧਾਨ ਹਰਵਿੰਦਰ ਸਿੰਘ ਖਾਲਸਾ ਅਤੇ ਹੋਰ ਸੱਤ ਫੈਡਰੇਸ਼ਨ ਵਰਕਰਾਂ ਨੂੰ ਐਡੀਸ਼ਨਲ ਸੈਸ਼ਨ ਜੱਜ ਸ੍ਰੀ ਐਸ. ਐਸ. ਸੋਹਲ ਨੇ 27 ਮਈ 1984 ਦੇ ਸਥਾਨਕ ਗੁ: ਦੁੱਖ ਨਿਵਾਰਨ ਸਾਹਿਬ ਨੇੜੇ ਹੋਏ ਮੁਕਾਬਲੇ ਦੇ ਕੇਸ ਵਿਚੋਂ ਬਰੀ ਕਰ ਦਿਤਾ।

## ਦਹਿਸ਼ਤਪਸੰਦੀ ਦੇ ਟਾਕਰੇ ਲਈ ਇਕਮੁੱਠ ਹੋਣ ਦਾ ਸੱਦਾ

ਅੰਮ੍ਰਿਤਸਰ — ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਡਾ. ਬਲਦੇਵ ਸਿ ਪ੍ਰਕਾਸ਼ ਨੇ ਪੰਜਾਬ ਦੇ ਲੋਕਾਂ ਨੂੰ ਸੱਦਾ ਦਿਤਾ ਹੈ ਕਿ ਉਹ ਦਹਿਸ਼ਤਪਸੰਦਾਂ ਦਾ ਇਕਮੁੱਠ ਹੋ ਕੇ ਟਾਕਰਾ ਕਰਨ। ਇਥੇ ਸ਼ਹੀਦ ਹਰਬੰਸ ਲਾਲ ਖੰਨਾ ਯਾਦਗਾਰੀ ਕਮੇਟੀ ਵਲੋਂ ਆਯੋਜਿਤ ਲੋਹੜੀ ਸਮਾਗਮ ਵਿਚ ਬੋਲਦਿਆਂ ਭਾਜਪਾ ਨੇਤਾ ਨੇ ਪੰਜਾਬ ਵਿਚਲੀਆਂ ਹਿੰਸਕ ਘਟਨਾਵਾਂ ਦੀ ਤ ਸਖਤ ਨਿਖੇਧੀ ਕੀਤੀ। ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਉਹ ਧਰਮ ਤੇ ਜਾਤ ਦੇ ਭੇਦ-ਭਾਵ ਭੁਲਾ ਕੇ ਦਹਿਸ਼ਤਪਸੰਦਾਂ ਵਿਰੁੱਧ f ਇਕਮੁੱਠ ਹੋ ਜਾਣ। ਉਨ੍ਹਾਂ ਨੇ ਸਵਰਗੀ ਸ੍ਰੀ ਖੰਨਾ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕੀਤੀ ਜੋ ਕਿ 2 ਅਪਰੈਲ 1984 ਨੂੰ ਦਹਿਸ਼ਤਪਸੰਦਾਂ ਹੱਥੋਂ ਮਾਰੇ ਗਏ ਸਨ।

ਯਾਦਗਾਰੀ ਕਮੇਟੀ ਦੇ ਜਨਰਲ ਸਕੱਤਰ ਸ੍ਰੀ ਸੁਭਾਸ਼ ਭਾਟੀਆ ਨੇ ਦਸਿਆ ਕਿ ਕਮੇਟੀ ਸ੍ਰੀ ਖੰਨਾ ਦੀ ਯਾਦ ਵਿਚ ਇਕ ਹਾਲ ਤੇ ਇਕ ਲਾ ਲਾਇਬਰੇਰੀ ਕਾਇਮ ਕਰੇਗੀ।


THINKING OF BUYING or SELLING
(RESIDENTIAL, COMMERCIAL, FARMS & INDUSTRIAL)

L/R
Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE




NIRMAL (NEIL) DHALIWAL
Bus: 588-9955 Res: 597-2069



I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.


### ਸ਼ਰਮਿੰਦੇ !

ਬਟਾਲਾ, (ਪੀ. ਟੀ. ਆਈ.) - ਕੱਲ੍ਹ ਰਾਤ ਡੇਰਾ ਬਾਬਾ ਨਾਨਕ ਰੋਡ 'ਤੇ ਤਿੰਨ ਅਣਪਛਾਤੇ ਹਥਿਆਰਬੰਦ ਨੌਜਵਾਨਾਂ ਨੇ ਪਿਸਤੌਲ ਦਿਖਾ ਕੇ ਇਕ ਚੁੰਗੀ ਲੁੱਟਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਸ਼ਰਮਿੰਦੇ ਹੋਣਾ ਪਿਆ।

ਐਸ. ਪੀ. ਬਟਾਲਾ ਅਨੁਸਾਰ ਰਸਤਾ ਰੋਕੋ ਪ੍ਰੋਗਰਾਮ ਕਾਰਨ ਕੱਲ੍ਹ ਚੁੰਗੀ ਦੀ ਬਹੁਤੀ ਵੱਟਕ ਨਹੀਂ ਹੋਈ ਸੀ। ਲੁਟੇਰਿਆਂ ਨੇ ਮੂੰਹ ਵਲੇਟੇ ਹੋਏ ਸਨ। ਜਦੋਂ ਉਨ੍ਹਾਂ ਚੁੰਗੀ ਸਟਾਫ ਨੂੰ ਪਿਸਤੌਲ ਦਿਖਾ ਕੇ ਨਕਦੀ ਹਵਾਲੇ ਕਰਨ ਲਈ ਕਿਹਾ ਤਾਂ ਸਟਾਫ ਨੇ ਕੁਝ ਰੁਪਿਆ ਉਨ੍ਹਾਂ ਨੂੰ ਦਿਖਾ ਦਿੱਤਾ। ਇਸ ਉਤੇ ਉਹ [illegible] ਹੋਕੇ ਚਲੇ ਗਏ।

# ਪੰਜਾਬ ਸਮਝੌਤੇ ਨੂੰ ਬਚਾਉਣ ਲਈ ਕੇਂਦਰ ਸਰਗਰਮ

ਨਵੀਂ ਦਿੱਲੀ — ਕੇਂਦਰ ਨੇ ਚੰਡੀਗੜ੍ਹ 26 ਜਨਵਰੀ ਨੂੰ ਪੰਜਾਬ ਦੇ ਹਵਾਲੇ ਕਰਨ ਤੇ ਇਸ ਦੇ ਬਦਲੇ ਰਾਜ ਦੇ ਹਿੰਦੀ ਬੋਲਦੇ ਪਿੰਡ ਹਰਿਆਣੇ ਨੂੰ ਦਿਤੇ ਜਾਣ ਦੇ ਅਤਿ ਉਲਝੇ ਮਸਲੇ ਨੂੰ ਅਦਾਲਤ (ਮੈਥਿਊ ਕਮਿਸ਼ਨ) ਤੋਂ ਬਾਹਰਵਾਰ ਸੁਲਝਾਉਣ ਲਈ ਵੱਡਾ ਕਦਮ ਚੁੱਕਿਆ ਹੈ। ਕੇਂਦਰੀ ਗ੍ਰਹਿ ਮੰਤਰੀ ਸ੍ਰੀ ਐਸ. ਬੀ. ਚਵਾਨ ਤੇ ਅੰਦਰੂਨੀ ਸੁਰੱਖਿਆ ਬਾਰੇ ਰਾਜ ਮੰਤਰੀ ਸ੍ਰੀ ਅਰੁਨ ਨਹਿਰੂ ਨੇ ਇਸ ਮਸਲੇ ਦਾ ਕੋਈ ਢੁਕਵਾਂ ਹੱਲ ਲੱਭਣ ਲਈ ਹਰਿਆਣਾ ਦੇ ਮੁਖ ਮੰਤਰੀ ਸ੍ਰੀ ਭਜਨ ਲਾਲ ਨਾਲ ਮੀਟਿੰਗ ਕੀਤੀ। ਤਿੰਨਾਂ ਨੇਤਾਵਾਂ ਵਿਚਾਲੇ ਲਗਭਗ ਇਕ ਘੰਟਾ ਗੱਲਬਾਤ ਹੋਈ।

ਪੰਜਾਬ ਦੇ ਖਜ਼ਾਨਾ ਮੰਤਰੀ ਸ. ਬਲਵੰਤ ਸਿੰਘ ਹਵਾਈ ਜਹਾਜ਼ ਰਾਹੀਂ ਚੰਡੀਗੜ੍ਹ ਤੋਂ ਦਿੱਲੀ ਪੁੱਜੇ ਤੇ ਸਮਝਿਆ ਜਾਂਦਾ ਹੈ ਕਿ ਉਨ੍ਹਾਂ ਨੇ ਕੁਝ ਕੇਂਦਰੀ ਨੇਤਾਵਾਂ ਨਾਲ ਗੱਲਬਾਤ ਕੀਤੀ। ਉਹ ਬਾਅਦ ਦੁਪਹਿਰ ਚੰਡੀਗੜ੍ਹ ਪਰਤ ਗਏ। ਸਮਝਿਆ ਜਾਂਦਾ ਹੈ ਕਿ ਉਹ ਚੰਡੀਗੜ੍ਹ 'ਚ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਤੇ ਦੂਜੇ ਅਕਾਲੀ ਨੇਤਾਵਾਂ ਨਾਲ ਵਿਚਾਰ-ਵਟਾਂਦਾਰਾ ਕਰਨ ਬਾਅਦ ਫਿਰ ਦਿੱਲੀ ਆਉਣਗੇ।

ਇਸੇ ਦੌਰਾਨ 14 ਉਘੇ ਨਾਗਰਿਕਾਂ ਨੇ ਇਥੇ ਜਾਰੀ ਇਕ ਬਿਆਨ 'ਚ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਤੋਂ ਮੰਗ ਕੀਤੀ ਕਿ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਉਸ ਦੀ ਸਹੀ ਭਾਵਨਾ ਨਾਲ ਲਾਗੂ ਕੀਤਾ ਜਾਵੇ ਤੇ ਚੰਡੀਗੜ੍ਹ 26 ਜਨਵਰੀ ਨੂੰ ਸ਼ਾਂਤਮਈ ਢੰਗ ਨਾਲ ਪੰਜਾਬ ਦੇ ਹਵਾਲੇ ਕਰਨਾ ਯਕੀਨੀ ਬਣਾਇਆ ਜਾਵੇ। ਸਤਲੁਜ-ਜਮਨਾ ਲਿੰਕ ਨਹਿਰ ਦੀ ਉਸਾਰੀ ਤੇਜ਼ ਕੀਤੀ ਜਾਵੇ ਤਾਂ ਜੋ ਇਹ ਸਮਝੌਤੇ ਅਨੁਸਾਰ 15 ਅਗਸਤ 1986 ਤਕ ਮੁਕੰਮਲ ਹੋ ਸਕੇ।

ਬਿਆਨ 'ਚ ਕਿਹਾ ਗਿਆ ਹੈ ਕਿ ਇਹ ਸਮਝੌਤਾ, ਜਿਸ ਨੇ ਨਵੀਆਂ ਆਸਾਂ ਪੈਦਾ ਕੀਤੀਆਂ ਸਨ ਤੇ ਬੁਰੇ ਦਿਨਾਂ ਦੇ ਖ਼ਾਤਮੇ ਦਾ ਸੰਕੇਤ ਦਿੰਦਾ ਸੀ, ਤਾਰਪੀਡੋ ਹੁੰਦਾ ਨਜ਼ਰ ਆ ਰਿਹਾ ਹੈ। ਇਸ ਨੂੰ ਈਮਾਨਦਾਰੀ ਨਾਲ ਲਾਗੂ ਕਰ ਕੇ ਹੀ ਦੇਸ਼ ਦੀ ਏਕਤਾ ਤੇ ਫਿਰਕੂ ਸਦਭਾਵਨਾ ਬਹਾਲ ਰੱਖੀ ਜਾ ਸਕਦੀ ਹੈ। ਬਿਆਨ ਉਤੇ ਦਸਤਖ਼ਤ ਕਰਨ ਵਾਲਿਆਂ 'ਚ ਸ ਸਾਬਕਾ ਰਾਜਦੂਤ ਸ੍ਰੀ ਆਈ. ਕੇ. ਗੁਜਰਾਲ, ਏਅਰ ਮਾਰਸ਼ਲ (ਰੀਟਾਇਰਡ) ਅਰਜਨ ਸਿੰਘ, ਲੈਫਟੀਨੈਂਟ ਜਨਰਲ (ਰੀਟਾਇਰਡ) ਜੇ. ਐਸ. ਅਰੋੜਾ, ਸਾਬਕਾ ਰਾਜਦੂਤ ਗੁਰਬਚਨ ਸਿੰਘ, ਸਾਬਕਾ ਚੀਫ ਜਸਟਿਸ ਸ੍ਰੀ ਆਰ. ਐਸ. ਨਰੂਲਾ, ਪ੍ਰਾਨ ਚੋਪੜਾ, ਕੁਲਦੀਪ ਨਈਅਰ, ਰਾਜਿੰਦਰ ਸਰੀਨ ਤੇ ਕੁਮਾਰੀ ਹਰਜੀ ਮਲਿਕ ਸਾਰੇ ਪੱਤਰਕਾਰ ਸ਼ਾਮਲ ਹਨ।

# 'ਮਿਗ - 27' ਹਵਾਈ ਫੌਜ 'ਚ ਸ਼ਾਮਲ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਰਸਮੀ ਤੌਰ ਉਤੇ ਇਕ ਇਕ ਸੀਟ ਵਾਲਾ ਸੁਪਰ ਸੈਨਿਕ ਲੜਾਕਾ ਹਵਾਈ ਜਹਾਜ਼ 'ਮਿਗ-27' (ਬਹਾਦੁਰ) ਪੱਛਮੀ ਹਵਾਈ ਅੱਡੇ ਉਤੇ "ਟਾਈਗਰਸ਼ਾਰਕ" ਸੁਕੈਅਡਰਨ ਵਿਚ ਰਸਮੀ ਤੌਰ 'ਤੇ ਸ਼ਾਮਲ ਕੀਤਾ। ਇਹ ਉਨ੍ਹਾਂ ਜਹਾਜ਼ਾਂ ਵਿਚੋਂ ਹੈ ਜਿਹੜੇ ਹੇਠਲੀ ਸਤਰ ਉਤੇ ਵੀ ਆਵਾਜ਼ ਨਾਲੋਂ ਤੇਜ਼ ਰਫਤਾਰ ਨਾਲ ਚਲ ਸਕਦੇ ਹਨ। ਇਹ ਜਹਾਜ਼ ਸਿਰਫ 800 ਮੀਟਰ ਦੀ ਹਵਾਈ ਪੱਟੀ ਉਤੇ ਉਡਾਣ ਭਰ ਸਕਦਾ ਹੈ।

ਇਸ ਅਵਸਰ ਉਤੇ ਚੋਣਵੇਂ ਜਿਹੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਗਾਂਧੀ ਨੇ ਦੇਸ਼ ਅੰਦਰ ਤਕਨਾਲੋਜੀ ਲਈ ਨਵੇਂ ਧਰਾਤਲਾਂ ਦੀ ਖੋਜ ਕਰਨ ਦੀ ਲੋੜ ਉਤੇ ਜ਼ੋਰ ਦਿਤਾ। ਉਨ੍ਹਾਂ ਕਿਹਾ, "ਮੇਰਾ ਖਿਆਲ ਹੈ, ਭਾਰਤ ਵਿਚ ਅਸੀਂ ਜਲਦੀ ਹੀ ਨਿਰੋਲ ਦੇਸੀ ਜਹਾਜ਼ ਤਿਆਰ ਕਰ ਸਕਾਂਗੇ।" ਉਨ੍ਹਾਂ ਕਿਹਾ ਕਿ "ਟਾਈਗਰਸ਼ਾਰਕ" ਸੁਕਐਡਰਨ, ਜਿਸ ਨੇ ਭਾਰਤ-ਪਾਕਿ ਲੜਾਈ ਦੌਰਾਨ ਆਪਣੀ ਚੰਗੀ ਕਾਰਗੁਜ਼ਾਰੀ ਬਦਲੇ ਬਹਾਦਰੀ ਦੇ ਕਈ ਤਮਗੇ ਜਿੱਤੇ, ਕੋਲ ਹੁਣ ਇਹ "ਨਵੀਂ ਮਸ਼ੀਨ" ਆ ਗਈ ਹੈ। ਉਨ੍ਹਾਂ ਕਿਹਾ ਕਿ ਭਾਰਤੀ ਹਵਾਈ ਸੈਨਾ ਨੇ ਸਿਖਲਾਈ ਅਤੇ ਹਿਫਾਜ਼ਤ ਦਾ ਉਚਾ ਮਿਆਰ ਬਣਾਈ ਰਖਿਆ ਹੈ।

---

ਬਦਅਮਨੀ ਹੈ ਅੰਦਰ ਵੀ ਤੇ ਬਾਹਰ ਵੀ
ਹੁਣ ਪ੍ਰਧਾਨ ਬਣੀ ਬਦਅਮਨੀ ਸ਼ਹਿਰਾਂ ਵਿਚ।
ਢੇਰ ਚਿਰਾਂ ਤੋਂ ਖੇਡ ਰਹੇ ਨੇ ਪੰਜਾਬੀ,
ਖ਼ੂਨ ਦੀ ਹੋਲੀ ਕੀ ਪਿੰਡਾਂ ਕੀ ਸ਼ਹਿਰਾਂ ਵਿਚ।

# ਜੇਲ੍ਹਾਂ 'ਚੋਂ ਆਏ 900 ਵਿਅਕਤੀਆਂ ਨੂੰ 25-25 ਹਜ਼ਾਰ ਦਾ ਕਰਜ਼ਾ

ਮੁਕਤਸਰ — ਜ਼ਿਲਾ ਫਰੀਦਕੋਟ ਦੇ ਉਨ੍ਹਾਂ 2750 ਬੇਰੁਜ਼ਗਾਰ ਲੋਕਾਂ ਜੋ ਵੱਖ ਵੱਖ ਜੇਲ੍ਹਾਂ ਤੋਂ ਰਿਹਾਅ ਹੋ ਕੇ ਆਏ ਨੂੰ ਰੁਜ਼ਗਾਰ ਦੇਣ ਲਈ ਪ੍ਰਬੰਧ ਕੀਤੇ ਗਏ ਹਨ। ਇਸ ਸਬੰਧ ਵਿਚ ਪੰਜਾਬ ਸਰਕਾਰ ਵਲੋਂ ਬਣੀ ਕਮੇਟੀ ਦੀ ਮੀਟਿੰਗ ਜੋ ਸ. ਭੁਪਿੰਦਰ ਸਿੰਘ ਸਿੱਧੂ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠਾਂ ਹੋਈ, ਜਿਸ ਵਿਚ ਸਰਵ ਸ੍ਰੀ ਗੁਰਦੇਵ ਸਿੰਘ ਬਾਦਲ, ਮਲਕੀਅਤ ਸਿੰਘ ਸਿੱਧੂ ਤੇ ਜ਼ੋਰਾ ਸਿੰਘ (ਤਿੰਨੇ ਅਕਾਲੀ ਵਿਧਾਇਕ) ਤੋਂ ਇਲਾਵਾ ਪੰਜਾਬ ਐਂਡ ਸਿੰਧ ਬੈਂਕ ਦੇ ਸ. ਕੇ. ਐਸ. ਰਤਨ ਵੀ ਸ਼ਾਮਲ ਹੋਏ। ਮੀਟਿੰਗ ਧਉਪਰੰਤ ਸ. ਸਿੱਧੂ ਨੇ ਦੱਸਿਆ ਕਿ ਇਨ੍ਹਾਂ 2750 ਵਿਚੋਂ 900 ਨੂੰ ਸਵੈ-ਰੁਜ਼ਗਾਰ ਲਈ 25-25 ਹਜ਼ਾਰ ਰੁਪਏ ਕਰਜ਼ਾ ਤੇ 25 ਪ੍ਰਤੀਸ਼ਤ ਸਬਸਿਡੀ ਦਿਤੀ ਜਾਵੇਗੀ ਜਦ ਕਿ 600 ਲੋਕਾਂ ਨੂੰ ਪੇਂਡੂ ਵਿਕਾਸ ਸਕੀਮ ਅਧੀਨ 1 10-10 ਹਜ਼ਾਰ ਰੁਪਏ ਕਰਜ਼ਾ ਤੇ 25 ਤੋਂ 30 ਫੀਸਦੀ ਸਬਸਿਡੀ ਮਿਲੇਗੀ ਅਤੇ 300 ਲੋਕਾਂ ਨੂੰ ਬੈਂਕਾਂ ਤੋਂ ਆਮ ਕਰਜ਼ੇ ਮਿਲਣਗੇ। ਉਨ੍ਹਾਂ ਦੱਸਿਆ ਕਿ 300 ਯੁਵਕਾਂ ਨੂੰ ਵੱਖ ਵੱਖ ਵਿਭਾਗਾਂ ਵਿਚ ਤੇ 250 ਲੋਕਾਂ ਨੂੰ ਵੱਖ ਵੱਖ ਸਹਿਕਾਰੀ ਅਦਾਰਿਆਂ ਵਿਚ ਨੌਕਰੀ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ।

# 400 ਫੈਡਰੇਸ਼ਨ ਵਰਕਰਾਂ ਦਾ ਰਿਮਾਂਡ

ਮੋਗਾ — ਮੋਗਾ ਤੇ ਫਰੀਦਕੋਟ ਸਬ ਡਿਵੀਜ਼ਨਾਂ ਦੇ ਕਾਰਜਕਾਰੀ ਮੈਜਿਸਟਰੇਟਾਂ ਨੇ "ਰਸਤਾ ਰੋਕੋ" ਦੇ ਸਿਲਸਿਲੇ ਵਿਚ ਮੋਗਾ ਤੇ ਫਰੀਦਕੋਟ ਵਿਚੋਂ ਗ੍ਰਿਫਤਾਰ ਕੀਤੇ ਲਗਭਗ 300 ਫੈਡਰੇਸ਼ਨ ਵਰਕਰਾਂ ਨੂੰ 26 ਜਨਵਰੀ ਤਕ ਅਦਾਲਤੀ ਹਿਰਾਸਤ ਵਿਚ ਭੇਜ ਦਿਤਾ। ਇਨ੍ਹਾਂ ਵਿਚੋਂ 186 ਨੂੰ ਮੋਗਾ ਸਬ ਡਿਵੀਜ਼ਨ ਵਿਚੋਂ ਗ੍ਰਿਫਤਾਰ ਕੀਤਾ ਗਿਆ ਸੀ ਅਤੇ 125 ਨੂੰ ਫਰੀਦਕੋਟ ਵਿਚੋਧਂ। ਸਮਝਿਆ ਜਾਂਦਾ ਹੈ ਕਿ ਰਾਜ ਸਰਕਾਰ ਦਾ "ਰਸਤਾ ਰੋਕੋ" ਦੇ ਸਬੰਧ ਵਿਚ ਫੜੇ ਸਾਰੇ ਵਿਅਕਤੀਆਂ ਨੂੰ 26 ਜਨਵਰੀ ਤੋਂ ਪਿਛੋਂ ਰਿਹਾਅ ਕਰਨ ਦਾ ਇਰਾਦਾ ਹੈ।

• • •

ਫਗਵਾੜਾ — ਫਗਵਾੜਾ ਦੇ ਐਸ. ਡੀ. ਐਮ. ਸ੍ਰੀ ਜਸਬੀਰ ਸਿੰਘ ਬੀਰ ਨੇ 26 ਫੈਡਰੇਸ਼ਨ ਵ ਵਰਕਰਾਂ ਨੂੰ 26 ਜਨਵਰੀ ਤਕ ਅਦਾਲਤੀ ਹਿਰਾਸਤ ਵਿਚ ਭੇਜ ਦਿਤਾ। ਇਸੇ ਦੌਰਾਨ ਸਿਖ ਫੈਡਰੇਸ਼ਨ ਨਾਲ ਸਬੰਧਿਤ ਵਿਦਿਆਰਥੀਆਂ ਨੇ ਸਥਾਨਕ ਰਾਮਗੜ੍ਹੀਆਂ ਪਾਲਿਟੈਕਨਿਕ ਵਿਚ ਪ੍ਰੀਖਿਆਵਾਂ ਦਾ ਬਾਈਕਾਟ ਕੀਤਾ। ਇਹ ਕਾਰਵਾਈ ਰਸਤਾ ਰੋਕਣ ਵਾਲੇ ਵਾਲੰਟੀਅਜਾਂ 'ਤੇ ਕਥਿਤ ਪੁਲਸ ਜਬਰ ਵਿਰੁਧ ਰੋਸ ਪ੍ਰਗਟ ਕਰਨ ਲਈ ਕੀਤੀ ਗਈਂ

• • •

ਜਲੰਧਰ — ਇਥੇ ਗ੍ਰਿਫਤਾਰ ਕੀਤੇ 71 ਫੈਡਰੇਸ਼ਨ ਵਰਕਰਾਂ ਨੂੰ ਕਾਰਜਕਾਰੀ ਮੈਜਿਸਟਰੇਟ ਨੇ 27 ਜਨਵਰੀ ਤਕ ਅਦਾਲਤੀ ਹਿਰਾਸਤ ਵਿਚ ਭੇਜ ਦਿਤਾ।

• • •

ਬਠਿੰਡਾ — ਸਿਖ ਸਟੂਡੈਂਟਸ ਫੈਡਰੇਸ਼ਨ ਦੇ ਕਾਹਲੋਂ ਗਰੁਪ ਦੇ ਜ਼ਿਲਾ ਕਨਵੀਨਰ ਸੂਬੇ ਿ ਸਿੰਘ ਨੇ ਇਨ੍ਹਾਂ ਖ਼ਬਰਾਂ ਦਾ ਖੰਡਨ ਕੀਤਾ ਹੈ ਕਿ ਇਕਾਈ ਦੇ ਕੁਝ ਆਗੂ ਫੈਡਰੇਸ਼ਨ ਤੋਂ ਅਸਤੀਫੇ ਦੇ ਗਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਭੋਲਾ ਸਿੰਘ ਦੇ ਤੇ ਸੁਖਦੇਵ ਸਿੰਘ ਜਿਨ੍ਹਾਂ ਨੇ ਕਥਿਤ ਤੌਰ 'ਤੇ ਅਸਤੀਫੇ ਦਿਤੇ ਦਾ ਫੈਡਰੇਸ਼ਨ ਨਾਲ ਕੋਈ ਸਬੰਧ ਨਹੀਂ।

# ਬੰਗਾਲ ਅਕਾਲੀ ਦਲ ਦਾ ਧੰਨਵਾਦ

ਕਲਕੱਤਾ — ਪੰਜਾਬ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਅਕਾਲੀ ਦਲ ਬੰਗਾਲ ਦੇ ਸੀਨੀਅਰ ਮੀਤ ਪ੍ਰਧਾਂਨ ਸ. ਗੁਰਮੇਜ ਸਿੰਘ ਖੋਸਾ ਤੇ ਜਨਰਲ ਸਕੱਤਰ ਸ. ਪ੍ਰਿਥੀਪਾਲ ਸਿੰਘ ਦਾਖਾ ਨੂੰ ਪੱਤਰ ਲਿਖ ਕੇ ਅਕਾਲੀ ਦਲ ਬੰਗਾਲ ਵਲੋਂ ਉਨ੍ਹਾਂ ਦੇ ਅਕਾਲੀ ਦਲ ਦੇ ਪ੍ਰਧਾਨ - ਚੁਣੇ ਜਾਣ ਲਈ ਦਿਤੇ ਸਹਿਯੋਗ ਤੇ ਪੰਜਾਬ ਸਰਕਾਰ ਨੂੰ ਦਿਤੇ ਜਾ ਰਹੇ ਪੂਰੇ ਸਮਰਥਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਸ. ਬਰਨਾਲਾ ਨੇ ਕਿਹਾ ਹੈ ਕਿ ਉਹ ਸਵਰਗੀ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਮਿਲ ਕੇ ਉਨ੍ਹਾਂ ਨੇ ਖ਼ੁਸ਼ਹਾਲ ਪੰਜਾਬ ਦਾ ਜੋ ਸਪਨੜਾ ਲਿਆ ਉਸ ਨੂੰ ਸਾਕਾਰ ਕਰਨ ਲਈ ਉਹ ਕੋਈ ਕਸਰ ਬਾਕੀ ਨਹੀਂ ਛੱਡਣਗੇ।

# ਮੈਥਿਊ ਕਮਿਸ਼ਨ 26 ਤਕ ਰਿਪੋਰਟ ਦੇ ਦੇਵੇਗਾ

## ਰਾਜੀਵ ਦਾ ਪੰਜਾਬ ਦੇ ਕਾਂਗਰਸੀਆਂ ਨੂੰ ਭਰੋਸਾ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਵਿਸ਼ਵਾਸ਼ ਪ੍ਰਗਟ ਕੀਤਾ ਹੈ ਕਿ ਪੰਜਾਬ ਅਤੇ ਹਰਿਆਣਾ ਦਰਮਿਆਨ ਇਲਾਕਿਆਂ ਦੇ ਵਟਾਂਦਰੇ ਬਾਰੇ ਨਿਰਣਾ ਕਰਨ ਲਈ ਬਣਾਇਆ ਗਿਆ ਮੈਥਿਊ ਕਮਿਸ਼ਨ 26 ਜਨਵਰੀ ਤੋਂ ਪਹਿਲਾਂ ਆਪਣਾਂ ਰਿਪੋਰਟ ਦੇ ਦੇਵੇਗਾ। ਉਨ੍ਹਾਂ ਕਿਹਾ, ਇਹ ਵੀ ਆਸ ਰੱਖਣੀ ਚਾਹੀਦੀ ਹੈ ਕਿ ਮੈਥਿਊ ਕਮਿਸ਼ਨ ਦੀ ਰਿਪੋਰਟ ਪ੍ਰਵਾਨ ਕਰ ਲਈ ਜਾਵੇਗੀ ਅਤੇ ਇਸ ਉਤੇ ਪੂਰੀ ਤਰ੍ਹਾਂ ਅਮਲ ਹੋਵੇਗਾ। ਪ੍ਰਧਾਨ ਮੰਤਰੀ ਨੇ ਇਹ ਭਰੋਸਾ ਪੰਜਾਬ ਕਾਂਗਰਸ ਦੇ ਪਾਰਲੀਮੈਂਟ ਮੈਂਬਰਾਂ ਦੇ ਇਕ ਪ੍ਰਤੀਨਿਧ ਮੰਡਲ ਨਾਲ ਮੁਲਾਕਾਤ ਦੌਰਾਨ ਦਿੱਤਾ। ਉਨ੍ਹਾਂ ਕਿਹਾ ਕਿਹਾ ਕਿ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਲਈ ਮਿਥੀ ਗਈ ਸਮੇਂ ਦੀ ਹੱਦ ਨੂੰ ਵਧਾਇਆ ਨਹੀਂ ਜਾਵੇਗਾ।

ਪਾਰਲੀਮੈਂਟ ਮੈਂਬਰਾਂ ਨੇ ਸ੍ਰੀ ਗਾਂਧੀ ਨਾਲ ਹੋਈਆਂ ਗੱਲਾਂ ਦਾ ਜ਼ਿਕਰ ਇਥੇ ਜਾਰੀ ਇਕ ਪ੍ਰੈਸ ਬਿਆਨ ਵਿਚ ਕੀਤਾ। ਬਿਆਨ ਉਤੇ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਰਘੂਨੰਦਨ ਲਾਲ ਭਾਟੀਆ, ਪ੍ਰਧਾਨ ਜਨਰਲ ਰਾਜਿੰਦਰ ਸਿੰਘ ਸਪੈਰੋ, ਗੁਰਦਿਆਲ ਸਿੰਘ ਢਿੱਲੋਂ, ਅਮਰਜੀਤ ਕੌਰ, ਹਾ. ਸੀ. ਹੰਸਪਾਲ, ਸਤਪਾਲ ਮਿਤਲ, ਸੁਖਬੰਸ ਕੌਰ, ਪਵਨ ਬਾਂਸਲ ਤੇ ਕਮਲ ਚੌਧਰੀ ਦੇ ਦਸਤਖ਼ਤ ਹਨ।

ਇਸ ਸਮੇਂ ਮਾਸਟਰ ਤਾਰਾ ਸਿੰਘ ਅਕਾਲੀ ਦਲ ਦੇ ਪ੍ਰਧਾਂਨ ਜਥੇਦਾਰ ਰਛਪਾਲ ਸਿੰਘ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਉਹ ਪੰਜਾਬ ਸਮਝੌਤੇ ਨੂੰ ਤੁਰਤ ਲਾਗੂ ਕਰੇ ਅਤੇ ਚੰਡੀਗੜ੍ਹ 26 ਜਨਵਰੀ ਨੂੰ ਪੰਜਾਬ ਦੇ ਹਵਾਲੇ ਕਰ ਦੇਵੇ। ਜਥੇਦਾਰ ਰਛਪਾਲ ਸਿੰਘ ਇਥੇ ਕੇਂਦਰ ਗ੍ਰਹਿ ਮੰਤਰੀ ਐਸ. ਬੀ. ਚਵਾਨ ਨੂੰ ਮਿਲੇ ਅਤੇ ਉਨ੍ਹਾਂ ਨੂੰ ਦੱਸਿਆ ਕਿ ਚੰਡੀਗੜ੍ਹ ਦੇ ਪੰਜਾਬ ਨਾਲ ਰਲੇਵੇਂ ਵਿਚ ਦੇਰੀ ਪੰਜਾਬ ਵਿਚ ਸਿਆਸੀ ਸੰਕਟ ਖੜ੍ਹਾ ਕਰ ਦੇਵੇਗੀ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਵਿਚ ਅਮਨ ਤੇ ਸਦਭਾਵਨਾਂ ਦੀ ਬਹਾਲੀ ਵਿਚ ਰਾਜ ਸਰਕਾਰ ਦੀ ਮਦਦ ਕਰੇਹੇ।

ਪੰਜਾਬ ਵਿਚ ਦਹਿਸ਼ਤਪਸੰਦਾਂਨਾ ਸਰਗਰਮੀਆਂ ਵਿਚ ਵਾਧੇ 'ਤੇ ਚਿੰਤਾ ਪ੍ਰਗਟ ਕਰਦਿਆਂ ਜਥੇਦਾਰ ਰਛਪਾਲ ਸਿੰਘ ਨੇ ਕਿਹਾ ਕਿ ਦਹਿਸ਼ਤਪਸੰਦੀ ਦੀ ਰੋਕਥਾਮ ਲਈ ਤੁਰਤ ਕਾਰਗਰ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਨੇ ਗ੍ਰਹਿ ਮੰਤਰਾਲੇ ਨੂੰ ਅਪੀਲ ਕੀਤੀ ਕਿ ਉਹ ਟਰਾਂਜ਼ਿਸਟਰ ਬੰਬ ਕੇਸਾਂ ਦੇ ਸਬੰਧ ਵਿਚ ਗ੍ਰਿਫਤਾਰ ਕੀਤੇ ਵਿਅਕਤੀਆਂ ਦੇ ਕੇਸਾਂ 'ਤੇ ਨਜ਼ਰਸਾਨੀ ਕਰੇ।

# Press Release

## Hyderabad becomes International Airport

Air India is pleased to announce the commencement of international services to Hyderabad with effect 19 December 1985.

**AIR INDIA Flight 826**

Jeddah 15:45 (Thurs)
Bombay 22:45
00:30 (Fri.)
Hyderabad 01:40

**AIR INDIA Flight 809**

Hyderbad 02:50 (Fri.)
Bombay 04:00
05:30
Jeddah 08:25

Both domestic and international passengers may be carried over the sectors Bombay - Hyderbad - Bombay, with full customs and immigration facilities available in Hyderbad for international passengers.

Connections from Canada via Bombay are available for departures on Tuesdays, and return connections from Hyderbad on Friday.


DOSANJH & PIRANI

#202 - 5887 Victoria Drive, Vancouver, B.C. V5P 3W5

Phone 327-6381

• ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ • ਜ਼ਮੀਨ ਖ਼ੀਦਣ ਤੇ ਵੇਚਣ ਦੇ ਕਾਗਜ਼ਾਤ
• ਵਿਉਪਾਰਕ ਮਸਲੇ • ਪ੍ਰਵਾਰ ਤੇ ਤਲਾਕ • ਫੌਜਦਾਰੀ ਤੇ ਸਿਵਲ • ਕੋਰਟ ਟਰਾਇਲ

ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising: . . . .
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸੰਪਾਦਕੀ

# 'ਰੀਪਬਲਿਕ ਡੇ' ਅਤੇ ਭਾਰਤ

26 ਜਨਵਰੀ ਦਾ ਦਿਨ ਭਾਰਤ ਦੇ ਇਤਿਹਾਸ ਵਿਚ ਸੁਨਹਿਰੀ ਦਿਨ ਨਾਲ ਜਾਣਿਆ ਜਾਂਦਾ ਹੈ ਜਦੋਂ ਦੇਸ਼ ਨੇ ਅੰਗਰੇਜ਼ਾਂ ਦੀ ਗੁਲਾਮੀ ਦਾ ਜੂਲਾ ਲਾਹ ਕੇ ਆਪਣਾ ਵਿਧਾਨ ਆਪ ਸਿਰਜਿਆ। ਭਾਰਤ ਦੇ ਲੋਕ ਆਪਣੀ ਹੋਣੀ ਦੇ ਮਾਲਕ ਆਪ ਬਣੇ। ਇਸ ਦਿਨ ਦੀ ਮਹੱਤਤਾ ਘਟਾ ਕੇ ਇਸ ਲਈ ਵੇਖਣੀ ਜ਼ਰੂਰੀ ਨਹੀਂ ਕਿ ਭਾਰਤ ਨੇ ਪਿਛਲੇ 38 ਸਾਲ ਵਿਚ ਉਹ ਸਿਖਰਾਂ ਨਹੀਂ ਛੋਹੀਆਂ ਜਿਹੜੀਆਂ ਸਿਖਰਾਂ ਛੋਹਣ ਦੇ ਭਾਰਤ ਦੇ ਲੋਕ ਸਮਰੱਥ ਸਨ। ਭਾਰਤ ਵਰਗੇ ਦੇਸ਼ ਵਿਚ ਜਿਥੇ ਵੱਖ ਵੱਖ ਬੋਲੀਆਂ, ਵੱਖ ਵੱਖ ਸਭਿਆਚਾਰ, ਵੱਖੋ ਵੱਖਰੇ ਧਰਮ, ਇੰਨੀ ਅਨੇਕਤਾ ਹੈ ਕਿ ਇਸਨੂੰ ਏਕਤਾ ਦੀ ਲੜੀ ਵਿਚ ਪਰੋਣਾ ਅਹਿਮ ਸਮੱਸਿਆ ਹੈ। ਭਾਰਤ ਦੀ ਆਰਥਿਕ ਪੱਖੋਂ ਉਨਤੀ ਕਿਸੇ ਦੇਸ਼ ਨਾਲੋਂ ਘੱਟ ਨਹੀਂ ਸਗੋਂ ਦਸਤਕਾਰੀ ਪੱਖੋਂ ਦੁਨੀਆਂ ਦੇ ਪਹਿਲੇ ਦਸਾਂ ਦੇਸ਼ਾਂ ਵਿਚ ਇਸ ਦਾ ਨਾਂ ਆਉਂਦਾ ਹੈ - ਪਰ ਮੁੱਖ ਗੱਲ ਦੇਸ਼ ਵਿਚ ਆ ਆਰਥਿਕ ਤੌਰ ਉਤੇ ਕਾਣੀ ਵੰਡ ਦੀ ਹੈ। ਕੁਝ ਇਜਾਰੇਦਾਰ ਹੱਥਾਂ ਵਿਚ ਆਰਥਿਕਤਾ ਦਾ ਕੇਂਦ੍ਰਤ ਹੋਣਾ ਭਾਰਤ ਦੀ ਇਸ ਸਮੇਂ ਸਭ ਤੋਂ ਵੱਡੀ ਸਮੱਸਿਆ ਹੈ। ਰਾਜਨੀਤਕ ਪੱਖੋਂ ਵੀ ਕਾਂਗਰਸ ਦਾ ਬਦਲ ਪੇਸ਼ ਨਾ ਹੋਣਾ, ਹੋਰ ਵੀ ਬਦਕਿਸਮਤੀ ਵਾਲੀ ਗੱਲ ਹੈ। ਜਨਤਾ ਪਾਰਟੀ, ਜਿਸਨੂੰ ਜੈ ਪ੍ਰਕਾਸ਼ ਨਰਾਇਣ ਵਰਗੀ ਸ਼ਖਸ਼ੀਅਤ ਦੀ ਸਰਪ੍ਰਸਤੀ ਹਾਸਲ ਸੀ, ਕਾਂਗਰਸ ਦਾ ਬਦਲ ਬਨਣ ਦੇ ਅਸਮਰਥ ਰਹੀ। ਰਾਜਨਤਕ ਤੌਰ ਉਤੇ ਭਾਰਤ ਦੇ ਲੋਕ ਬਹੁਤ ਚੇਤੰਨ ਹਨ ਪਰ ਰਾਜਸੀ ਆਗੂਆਂ ਦੀ ਬਦ ਬਦਦਿਆਨਤਦਾਰੀ ਮੁੱਖ ਰੂਪ ਵਿਚ ਭਾਰਤ ਦੇ ਲੋਕਾਂ ਲਈ ਤ੍ਰਾਸਦੀ ਬਣੀ ਹੋ ਰਹੀ ਹੈ। ਇਨ੍ਹਾਂ ਆਗੂਆਂ ਕਾਰਨ ਹੀ ਪਾਰਟੀਆਂ ਵਿਚ ਖਿਚੋਤਾਣ ਬਣੀ ਰਹੀ ਹੈ।

ਭ੍ਰਿਸ਼ਟਾਚਾਰ, ਫਿਰਕਾਪ੍ਰਸਤੀ, ਕੁਨਬਾਪ੍ਰਵਰੀ ਆਦਿ ਅਜਿਹੀਆਂ ਅਲਾਮਤਾਂ ਹਨ ਜਿਨ੍ਹਾਂ ਵੱਲ ਪੂਰਾ ਧਿਆਨ ਨਾ ਤਾਂ ਕੇਂਦਰ ਸਰਕਾਰ ਦੇ ਰਹੀ ਹੈ ਅਤੇ ਨਾ ਹੀ ਸੂਬਾ ਸਰਕਾਰਾਂ ਇਨ੍ਹਾਂ ਅਲਾਮਤਾਂ ਨੂੰ ਜੜ੍ਹੋਂ ਪੁਟਣ ਲਈ ਦੇ ਰਹੀਆਂ ਹਨ। ਗਰੀਬੀ ਦਾ ਮੁੱਖ ਕਾਰਨ ਇਹ ਅਲਾਮਤਾਂ ਵੀ ਹਨ। ਥੋਥੇ ਨਾਅਰੇ ਦੇਸ਼ ਦਾ ਕੁਝ ਸੰਵਾਰਨ ਤੋਂ ਅਸਮਰਥ ਰਹੇ ਹਨ।

ਖੇਤਰਵਾਦੀ ਰੁਝਾਨ ਵੀ ਬਹੁਤੀ ਦੇਰ ਨਹੀਂ ਚਲ ਸਕੇਗਾ। ਬੇਸ਼ਕ ਖੇਤਰੀ ਪਾਰਟੀਆਂ ਇਸ ਸਮੇਂ ਕਾਫੀ ਸੂਬਿਆਂ ਵਿਚ ਉਭਰ ਪਈਆਂ ਹਨ ਪਰ ਜਿਨਾ ਚਿਰ ਭ੍ਰਿਸ਼ਟਾਚਾਰ, ਕੁਨਬਾਪ੍ਰਵਰੀ ਆਦਿ ਤੋਂ ਛੁਟਕਾਰਾ ਨਹੀਂ ਪਾਇਆ ਜਾਂਦਾ - ਇਨ੍ਹਾਂ ਦਾ ਅਸਫਲ ਹੋਣਾ ਵੀ ਆਵਸ਼ਕ ਹੈ।

ਸਮਾਜਵਾਦ ਦਾ ਨਾਅਰਾ ਬੇਸ਼ਕ ਆਪਣਾ ਲਿਆ ਗਿਆ ਹੈ ਪਰ ਦੇਸ਼ ਦੀ ਆਰਥਿਕਤਾ ਦਾ ਰੁਝਾਣ ਪੂੰਜੀਵਾਦ ਵੱਲ ਵਧ ਰਿਹਾ ਹੈ। ਪੂੰਜੀਵਾਦੀ ਸਮਾਜ ਵਿਚ ਉਪਰੋਕਤ ਅਲਾਮਤਾਂ ਹੋਰ ਵੀ ਤੇਜ਼ੀ ਨਾਲ ਉਭਰਦੀਆਂ ਹਨ। ਕਿਸਾਨ ਅਤੇ ਮਜ਼ਦੂਰ ਵਰਗ ਨੂੰ ਅੱਖੋਂ ਪਰੋਖੇ ਕਰਕੇ ਸਮਾਜਵਾਦੀ ਸਮਾਜ ਉਸਾਰਨ ਦੀਆਂ ਗੱਲਾਂ ਨਿਰਾ ਢਕੌਂਸਲਾ ਬਣ ਕੇ ਰਹਿ ਜਾਂਦੀਆਂ ਹਨ।

ਇਸ ਲਈ ਦੇਸ਼ ਲਈ ਜ਼ਰੂਰੀ ਹੈ ਕਿ ਪ੍ਰਬੰਧਕ ਢਾਂਚੇ ਵਿਚੋਂ ਭ੍ਰਿਸ਼ਟਾਚਾਰ ਖਤਮ ਹੋਵੇ। ਇਜਾਰੇਦਾਰੀ ਨੂੰ ਨੱਥ ਪਾਈ ਜਾਵੇ। ਸਮਾਜਵਾਦ ਦਾ ਨਾਅਰਾ ਹੀ ਨਾ ਦਿਤਾ ਜਾਵੇ ਸਗੋਂ ਇਸ ਨੂੰ ਪ੍ਰਫੁਲਤ ਕਰਨ ਲਈ ਕਾਮੇ-ਵਰਗ ਨੂੰ ਰਾਜਸੀ-ਸ਼ਕਤੀ ਵਿਚ ਭਾਈਵਾਲੀ ਦਿਤੀ ਜਾਵੇ। ਤਾਂ ਹੀ ਭਾਰਤ ਦੀ ਅਸਲ ਸ਼ਕਤੀ ਦਾ ਪ੍ਰਯੋਗ ਕੀਤਾ ਜਾ ਸਕੇਗਾ।

## ਪੰਜਾਬੀਆਂ ਦਾ ਨਾਪ

ਜਦ ਵੀ ਦੇਸ਼ ਨੂੰ ਖੂਨ ਦੀ ਲੋੜ ਪੈ ਗਈ,
ਹਾਮੀ ਹੱਸ ਕੇ ਭਰੀ ਪੰਜਾਬੀਆਂ ਨੇ।
ਜਦ ਵੀ ਜ਼ੁਲਮ ਦੀ ਨਦੀ ਵਿਚ ਕਾਂਗ ਆਈ,
ਛਾਲਾਂ ਮਾਰ ਕੇ ਤਰੀ ਪੰਜਾਬੀਆਂ ਨੇ।
ਰਚਿਆ ਕਿਤੇ ਸੁਅੰਬਰ ਜਾਂ ਵਿਧ ਮਾਤਾ,
ਲਾੜੀ ਮੌਤ ਦੀ ਵਰੀ ਪੰਜਾਬੀਆਂ ਨੇ।
ਚੌਹਾਂ ਪਾਸਿਆਂ ਤੋਂ ਕਿਤੋਂ ਆਈ ਗੋਲੀ,
ਪਹਿਲਾਂ ਹਿੱਕ ਤੇ ਜਰੀ ਪੰਜਾਬੀਆਂ ਨੇ।
ਪੰਜਾਂ ਨਦੀਆਂ ਦੀ ਹੈ ਧਰਤ ਜੱਗ ਉੱਤੇ,
ਜਿਹੜੀ ਮੌਤ ਦੀ ਹਿੱਕ ਤੇ ਵੱਸਦੀ ਹੈ।
ਇਕੋ ਮਾਂ ਪੰਜਾਬਣ ਏ ਅਣਖ ਬ਼ਦਲੇ,
ਜਿਹੜੀ ਪੁੱਤ ਮਰਵਾ ਕੇ ਹੱਸਦੀ ਏ।

# ਜ਼ਿਆ ਦੀ ਮੁਸਕਰਾਹਟ ਦਾ ਰਾਜ਼ ਕੀ ਸੀ?

—ਦੀਵਾਨ ਬੀਰੇਂਦਰ ਨਾਥ—



ਜਨਰਲ ਜ਼ਿਆ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਪਾਲਮ ਹਵਾਈ ਅੱਡੇ ਤੇ

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜ਼ਿਆ ਉਲ-ਹੱਕ ਆਪਣੀ ਛੇ ਘੰਟੇ ਦੀ ਭਾਰਤ ਫੇਰੀ ਸਮੇਂ ਲਗਾਤਾਰ ਹਸਦੇ ਰਹੇ ਤਾਂ ਕਿ ਦੇਖਣ ਵਾਲੇ ਨੂੰ ਇਹ ਮਹਿਸੂਸ ਹੋਵੇ ਕਿ ਉਹ ਅਸਲ ਵਿਚ ਕਿੰਨੇ ਖੁਸ਼ ਹਨ। ਏਅਰ ਪੋਰਟ ਤੋਂ ਏਅਰ ਪੋਰਟ ਤੱਕ ਦੇ ਛੇ ਘੰਟਿਆਂ ਵਿਚ ਜਨਰਲ ਜ਼ਿਆ ਦੀ ਇਹ ਮੁਸਕਰਾਹਟ ਕਾਇਮ ਰਹੀ। ਉਸਦੇ ਮੁਕਾਬਲੇ ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਮੁਸਕਰਾਉਣ ਦੀ ਕੋਸ਼ਿਸ਼ ਕਰਦੇ ਹੋਏ ਵੀ ਇਹ ਸਪੱਸ਼ਟ ਕਰ ਦਿਤਾ ਕਿ ਉਹ ਆਪਣੇ ਸਨਮਾਨਤ ਮਹਿਮਾਨ ਦੇ ਭਾਰਤ ਆਉਣ ਤੇ ਦਿਲੋਂ ਜਾਨ ਤੋਂ ਖੁਸ਼ੀ ਮਹਿਸੂਸ ਨਹੀਂ ਕਰ ਰਹੇ।

ਇਹ ਗੱਲ ਤਾਂ ਸਪੱਸ਼ਟ ਹੀ ਹੈ ਕਿ ਜਨਰਲ ਜ਼ਿਆ ਦੀ ਮੁਸਕਰਾਹਟ ਪਿਛੇ ਤਾਂ ਉਸ ਦੀਆਂ ਆਪਣੀਆਂ ਬੇਸ਼ੁਮਾਰ ਮਜ਼ਬੂਰੀਆਂ ਸਨ। ਖੁਦ ਉਨ੍ਹਾਂ ਦੇ ਕਹਿਣ ਮੁਤਾਬਕ ਅਫਗਾਨਿਸਤਾਨ ਵਿਚ ਸੋਵੀਅਤ ਯੂਨੀਅਨ ਦੀ ਮੌਜੂਦਗੀ ਪਾਕਿਸਤਾਨ ਲਈ ਭਾਰੀ ਖਤਰਾ ਬਣੀ ਹੋਈ ਹੈ। ਪਰ ਇਸ ਤੋਂ ਵੱਡਾ ਖਤਰਾ ਖੁਦ ਪਾਕਿਸਤਾਨ ਵਿਚ ਅੰਦਰੂਨੀ ਰੂਪ ਵਿਚ ਵਧ ਰਿਹਾ ਹੈ। ਦੂਜੇ ਪਾਸੇ ਅਮਰੀਕਾ ਇਸ ਗੱਲ ਲਈ ਆਸ ਲਾਈ ਬੈਠਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਭਾਰਤ ਤੇ ਪਾਕਿਸਤਾਨ ਵਿਚਾਲੇ ਸਦ ਭਾਵ ਦਾ ਅਹਿਸਾਸ ਕਾਇਮ ਹੋ ਜਾਵੇ ਤਾਂ ਕਿ ਪਾਕਿ ਨੂੰ ਮਿਲਣ ਵਾਲੀ ਅਮਰੀਕੀ ਹਥਿਆਰਾਂ ਦੀ ਮਦਦ ਅਤੇ ਪਾਕਿ ਦੇ ਪ੍ਰਮਾਣੂ ਪਰੋਗਰਾਮ ਨੂੰ ਲੈ ਕੇ ਪੈਦਾ ਹੋਏ ਭਾਰਤੀ ਭਰਮ ਕੁਝ ਠੰਡੇ ਪੈ ਜਾਣ। ਮੇਰੇ ਖਿਆਲ ਵਿਚ ਅਮਰੀਕਾ ਦੀ ਇਹ ਧਾਰਨਾ ਵੀ ਹੈ ਕਿ ਜੇਕਰ ਇਕ ਵਾਰ ਭਾਰਤ ਪਾਕਿ ਸੰਬੰਧ ਕਾਇਮ ਹੋ ਜਾਣ ਤਾਂ ਸੋਵੀਅਤ ਯੂਨੀਅਨ ਪ੍ਰਤੀ ਭਾਰਤ ਦੀ 'ਖਿਚ' ਵੀ ਖਤਮ ਹੋ ਜਾਏਗੀ। ਅੰਦਰੂਨੀ ਅਤੇ ਬਾਹਰੀ ਕਾਰਨਾਂ ਕਰਕੇ ਪਾਕਿਸਤਾਨ ਦੇ ਪ੍ਰਧਾਨ ਤੇ ਦਬਾਅ ਪਿਆ ਹੈ ਕਿ ਉਹ ਭਾਰਤ ਨਾਲ ਸੁਲਾਹ ਕਰਨ ਦੀ ਧਾਰਨਾ ਕਾਇਮ ਕਰੇ।

### ਭਾਰਤ ਆਸਮੰਦ ਨਹੀਂ

ਇਹੀ ਕਾਰਨ ਹੈ ਕਿ ਜਿਥੇ ਪ੍ਰਧਾਨ ਜ਼ਿਆ ਉਲ ਹੱਕ ਨੇ ਪੂਰੇ ਛੇ ਘੰਟੇ ਤੱਕ ਮੁਸਕਰਾਹਟਾਂ ਦਿਖਾਈਆਂ ਉਥੇ ਪਾਕਿ ਟੈਲੀਵੀਜ਼ਨਾਂ ਅਤੇ ਅਖਬਾਰਾਂ ਨੇ ਇਸ ਛੋਟੀ ਜਿਹੀ ਯਾਤਰਾ ਨੂੰ ਬਹੁਤ ਮਹੱਤਵ ਦਿਤਾ। ਬਹੁਤ ਘੱਟ ਲੋਕ ਸ਼ਾਇਦ ਇਹ ਜਾਣਦੇ ਹਨ ਕਿ ਜ਼ਿਆ ਉਲ ਹੱਕ ਦੀ ਛੇ ਘੰਟੇ ਦੀ ਭਾਰਤ ਪਾਕਿ ਯਾਤਰਾ ਤੇ ਲਗਪਗ 50 ਪਾਕਿਸਤਾਨੀ ਪੱਤਰਕਾਰ ਭਾਰਤ ਆਏ ਸਨ। ਪਾਕਿ ਟੈਲੀਵੀਜ਼ਨ ਅਤੇ ਰੇਡੀਓ ਨੇ 17 ਦਸੰਬਰ ਨੂੰ ਜ਼ਿਆ ਦੀ ਭਾਰਤ ਫੇਰੀ ਤੋਂ ਸਿਵਾਏ ਹੋਰ ਕੁਝ ਨਹੀਂ ਦਿਖਾਇਆ। ਇਸ ਦੇ ਮੁਕਾਬਲੇ ਵਿਚ ਭਾਰਤੀ ਦੂਰਦਰਸ਼ਨ ਨੇ ਗਾਂਧੀ ਜ਼ਿਆ ਮੁਲਾਕਾਤ ਨੂੰ ਏਨਾ ਮਹੱਤਵ ਨਹੀਂ ਦਿਤਾ। ਇਸ ਤੋਂ ਵੱਧ ਮਹੱਤਵ ਤਾਂ ਨਗਰ ਪਾਲਿਕਾ ਦੇ ਚੋਣ ਨਤੀਜਿਆਂ ਨੂੰ ਦਿਤਾ ਜਾ ਰਿਹਾ ਸੀ।

ਇਸ ਦੇ ਕਾਰਨ ਬਿਲਕੁਲ ਸਪੱਸ਼ਟ ਹਨ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਆਪਣੇ ਸਨਮਾਨਤ ਮਹਿਮਾਨ ਦੇ ਪ੍ਰਮਾਣੂ ਪ੍ਰੋਗਰਾਮ ਅਤੇ ਅਮਨ ਤੇ ਦੋਸਤੀ ਪ੍ਰਤੀ ਉਸ ਦੇ ਇਰਾਦਿਆਂ ਤੇ ਯਕੀਨ ਨਹੀਂ। ਜਿਨ੍ਹਾਂ ਲੋਕਾਂ ਨੇ ਦੂਰਦਰਸ਼ਨ ਤੇ ਪਾਲਮ ਏਅਰ ਪੋਰਟ ਤੇ ਹੋਈ ਸਾਂਝੀ ਗਾਂਧੀ-ਜ਼ਿਆ ਪ੍ਰੈਸ ਕਾਨਫਰੰਸ ਨੂੰ ਦੇਖਿਆ ਉਨ੍ਹਾਂ ਨੂੰ ਵੀ ਅਹਿਸਾਸ ਹੋਇਆ ਹੋਵੇਗਾ ਕਿ ਘਟੋ ਘਟ ਤਿੰਨ ਵਾਰ ਸ੍ਰੀ ਗਾਂਧੀ ਨੇ ਸਥਿਤੀ ਨੂੰ ਸਪਸ਼ਟ ਕਰਨ ਲਈ ਕੁਝ ਸ਼ਬਦ ਜ਼ਰੂਰ ਜੋੜੇ। ਖਾਸ ਕਰ ਜਦ ਪਾਕਿਸਤਾਨ ਦੇ ਜੰਗ ਨਾ ਕਰਨ ਦੇ ਪ੍ਰਸਤਾਵ ਅਤੇ ਭਾਰਤ ਦੀ ਸ਼ਾਂਤੀ ਤੇ ਦੋਸਤੀ ਨਾਲ ਸਬੰਧਤ ਸੰਧੀ ਨੂੰ ਲੈ ਕੇ ਸਵਾਲ ਪੁਛਿਆ ਗਿਆ।

ਇਸ ਦਾ ਮਤਲਬ ਇਹ ਨਹੀਂ ਕਿ ਭਾਰਤ ਪਾਕਿਸਤਾਨ ਨਾਲ ਸਹਿਯੋਗ ਅਤੇ ਭਾਈਚਾਰੇ ਦੇ ਸਬੰਧ ਨਹੀਂ ਚਾਹੁੰਦਾ। ਇਹ ਗੱਲ ਤਾਂ ਭਾਰਤ ਦੇ ਹੱਕ ਵਿਚ ਹੈ ਕਿ ਉਹ ਗਵਾਂਢੀਆਂ ਨਾਲ ਚੰਗੇ ਸਬੰਧ ਰਖੇ ਅਤੇ ਖਾਸ ਕਰਕੇ ਉਸ ਗਵਾਂਢੀ ਨਾਲ ਜਿਸ ਦੇ ਪੱਛਮੀ ਦੁਨੀਆਂ ਵਿਚ ਸ਼ਕਤੀਸ਼ਾਲੀ ਦੋਸਤ ਹਨ ਅਤੇ ਜੋ ਤੀਜੀ ਦੁਨੀਆਂ ਵਿਚ ਖਾਸ ਕਰਕੇ ਇਸਲਾਮੀ ਬਲਾਕ ਵਿਚ ਬਹੁਤ ਸਾਰੇ ਦੇਸ਼ਾਂ ਦੀ ਹਮਦਰਦੀ ਦਾ ਪਾਤਰ ਹੈ। ਪਰ ਭਾਰਤ ਇਹ ਵੀ ਜਾਣਦਾ ਹੈ ਕਿ ਪਾਕਿਸਤਾਨ ਦੇ ਮਾਮਲਿਆਂ ਵਿਚ ਅਮਰੀਕਾ ਦੇ ਉਲਝਾ ਨੂੰ ਦੇਖਦੇ ਹੋਏ ਅਤੇ ਪਾਕਿਸਤਾਨ ਦੇ ਆਪਣੇ ਰਾਜਨੀਤਕ ਢਾਂਚੇ ਨੂੰ ਦੇਖਦਿਆਂ ਹੋਇਆਂ ਅਹਿਮ ਸਵਾਲਾਂ ਤੇ ਭਾਰਤ-ਪਾਕਿ ਸਦਭਾਵਨਾ ਸੀਮਤ ਕਿਸਮ ਦੀ ਹੋ ਸਕਦੀ ਹੈ।

ਸਭ ਤੋਂ ਵੱਡੀ ਗੱਲ ਤਾਂ ਇਹ ਹੋਵੇਗੀ ਕਿ ਤਣਾਓ ਵਾਲੇ ਮਾਹੌਲ ਨੂੰ ਘਟ ਕੀਤਾ ਜਾਵੇ। ਪਰ ਭਾਰਤ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਅਜੇ ਦੁਪਾਸੜ ਸਹਿਯੋਗ ਦੀ ਦਿਸ਼ਾ ਵਲ ਕੋਈ ਵਡਾ ਕਦਮ ਚੁਕਣ ਦਾ ਸਮਾਂ ਨਹੀਂ ਆਇਆ।

ਜਿਸ ਤਰ੍ਹਾਂ ਕਿ ਭਾਰਤੀ ਉਚ ਪੱਧਰ ਦੇ ਅਧਿਕਾਰੀ ਨੇ ਪ੍ਰਧਾਨ ਜ਼ਿਆ ਦੇ ਜਾਣ ਦੇ ਤੁਰੰਤ ਪਿਛੋਂ ਮੈਨੂੰ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਦੋਵਾਂ ਮੁਲਕਾਂ ਵਿਚਾਲੇ ਅਮਨ ਤੇ ਮਿਤਰਤਾ ਦਾ ਯੁਗ ਲਿਆਉਣ ਦੀਆਂ ਗੱਲਾਂ ਕਰਦੇ ਰਹੇ ਪਰ ਉਨ੍ਹਾਂ ਨੇ ਕਿਸੇ ਉਸ ਸਵਾਲ ਨੂੰ ਲੈ ਕੇ ਭਰੋਸਾ ਨਹੀਂ ਦਿਤਾ ਜਿਸ ਤੋਂ ਭਾਰਤ ਚਿੰਤਤ ਹੈ। ਇਸ ਵਿਚ ਪਾਕਿਸਤਾਨ ਨੂੰ ਮਿਲਣ ਵਾਲੀ ਭਾਰੀ ਅਮਰੀਕੀ ਹਥਿਆਰਾਂ ਦੀ ਮਦਦ ਵੀ ਸ਼ਾਮਲ ਹੈ। ਪਾਕਿ ਦੇ ਪ੍ਰਮਾਣੂ ਪਰੋਗਰਾਮ ਅਤੇ ਪੰਜਾਬ ਵਿਚ ਆਤੰਕਵਾਦੀਆਂ ਨੂੰ ਪਾਕਿਸਤਾਨ ਦੀ ਹੱਲਾ ਸ਼ੇਰੀ ਵੀ ਸ਼ਾਮਲ ਹੈ। ਆਖਰੀ ਸਵਾਲ ਦੇ ਮਾਮਲੇ ਵਿਚ ਪ੍ਰਧਾਨ ਜ਼ਿਆ ਉਲ ਹੱਕ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਪਾਕਿ ਨੇ ਪੰਜਾਬ ਦੇ ਆਤੰਕਵਾਦੀਆਂ ਨੂੰ ਕੋਈ ਵੀ ਸਹਾਇਤਾ ਨਹੀਂ ਦਿਤੀ ਹਾਲਾਂ ਕਿ ਉਸ ਦੀ ਇਸ ਗੱਲ ਤੇ ਭਾਰਤ ਨੂੰ ਯਕੀਨ ਨਹੀਂ ਹੋਇਆ।

ਜਿਥੋਂ ਤਕ ਪਾਕਿ ਦੇ ਪ੍ਰਮਾਣੂ ਪਰੋਗਰਾਮ ਅਤੇ ਉਸ ਨੂੰ ਮਿਲਣ ਵਾਲੀ ਅਮਰੀਕੀ ਹਥਿਆਰਾਂ ਦੀ ਸਹਾਇਤਾ ਦਾ ਸਵਾਲ ਹੈ ਉਨ੍ਹਾਂ ਸੰਬੰਧੀ ਦੋਵੇਂ ਦੇਸ਼ਾਂ ਦੀਆਂ ਧਾਰਨਾਵਾਂ ਏਨੀਆਂ ਅਲੱਗ ਅਲੱਗ ਹਨ ਕਿ ਉਨ੍ਹਾਂ ਦੇ ਵਿਸ਼ੇ ਵਿਚ ਕੁਝ ਕਿਹਾ ਹੀ ਨਹੀਂ ਗਿਆ। ਜਿਹੜਾ ਸਾਂਝਾ ਬਿਆਨ ਜਾਰੀ ਕੀਤਾ ਗਿਆ ਉਸ ਵਿਚ ਇਹ ਵਾਅਦਾ ਕੀਤਾ ਗਿਆ ਕਿ ਭਾਰਤ ਤੇ ਪਾਕਿਸਤਾਨ ਇਕ ਦੂਸਰੇ ਦੇ ਪ੍ਰਮਾਣੂ ਟਿਕਾਣਿਆਂ ਤੇ ਹਮਲਾ ਨਹੀਂ ਕਰਨਗੇ। ਇਸ ਐਲਾਨ ਨਾਲ ਵੀ ਤਨਾਓ ਘਟ ਹੋਵੇਗਾ। ਇਸ ਨਾਲ ਪਾਕਿ ਦੇ ਪੱਛਮੀ ਦੋਸਤਾਂ ਦੇ ਸ਼ਰਾਰਤਪੂਰਨ ਪ੍ਰਾਪੇਗੰਡੇ ਤੇ ਵੀ ਰੋਕ ਲਗੇਗੀ ਜੋ ਲਗਾਤਾਰ ਇਹ ਕਹਿ ਰਹੇ ਹਨ ਕਿ ਭਾਰਤ ਪਾਕਿ ਦੇ ਪ੍ਰਮਾਣੂੰ ਰਿਐਕਟਰ ਨੂੰ ਕਸ਼ਟ ਕਰਨ ਦੀ ਸਕੀਮ ਬਣਾ ਰਿਹਾ ਹੈ। ਇਸ ਐਲਾਨ ਰਾਹੀਂ ਭਾਰਤ ਦੇ ਦੁਸ਼ਮਣਾਂ ਵਲੋਂ ਚਲਾਏ ਗਏ ਪ੍ਰਾਪੇਗੰਡੇ ਤੇ ਵੀ ਕੁਝ ਰੋਕ ਜ਼ਰੂਰ ਲਗੇਗੀ। ਲੇਕਿਨ ਇਸ ਨਾਲ ਦੋਨਾਂ ਦੇਸ਼ਾਂ ਵਿਚ ਫੈਲੇ ਸ਼ੰਕਿਆਂ ਦਾ ਨਿਵਾਰਣ ਨਹੀਂ ਹੋ ਸਕਦਾ। ਫਿਰ ਰਾਜਨੀਤਕ ਆਗੂਆਂ ਦੇ ਵਾਅਦਿਆਂ ਦਾ ਭਰੋਸਾ ਵੀ ਕੀ ਹੈ।

### ਕਰੋੜਾਂ ਨੂੰ ਨਿਰਾਸ਼ਾ

ਭਾਰਤ-ਪਾਕਿ ਦਰਮਿਆਨ ਵਪਾਰ ਤੇ ਵਪਾਰ ਦੇ ਰਾਹ ਵਿਚ ਆਉਣ ਵਾਲੀਆਂ ਅੜਚਨਾਂ ਨੂੰ ਲੈ ਕੇ ਕੋਈ ਵੀ ਗੱਲਬਾਤ ਨਹੀਂ ਹੋਈ। ਪਾਕਿ ਨੇ ਅਜੇ ਤਕ ਆਪਣੇ ਇਸ ਵਾਅਦੇ ਨੂੰ ਪੂਰਾ ਨਹੀਂ ਕੀਤਾ ਕਿ ਉਹ ਭਾਰਤ ਨਾਲ ਵਪਾਰ ਵਿਚ ਵਿਤਕਰੇ ਵਾਲਾ ਰਵੱਈਆ ਨਹੀਂ ਧਾਰਨ ਕਰੇਗਾ। ਇਧਰ ਭਾਰਤ ਨੇ ਵੀ ਪਾਕਿਸਤਾਨ ਨਾਲ ਆਰਥਿਕ ਸਹਿਯੋਗ ਲਈ ਕੋਈ ਯੋਜਨਾ ਨਹੀਂ ਬਣਾਈ। ਜ਼ਿਆ-ਗਾਂਧੀ ਮੁਲਾਕਾਤ ਦੌਰਾਨ ਵੀ ਇਸ ਸਵਾਲ ਨੂੰ ਲੈ ਕੇ ਕੋਈ ਗੱਲਬਾਤ ਨਹੀਂ ਹੋਈ।

ਭਾਰਤ ਤੇ ਪਾਕਿਸਤਾਨ ਦੇ ਕਰੋੜਾਂ ਲੋਕਾਂ ਨੂੰ ਇਸ ਗੱਲ ਨਾਲ ਨਿਰਾਸ਼ਾ ਹੋਈ ਕਿ ਇਕ ਦੂਜੇ ਦੇਸ਼ ਵਿਚ ਯਾਤਰਾ ਕਰਨ ਦੇ ਰਾਹ ਵਿਚ ਜੋ ਪਰੇਸ਼ਾਨੀਆਂ ਤੇ ਅੜਚਨਾਂ ਆਉਂਦੀਆਂ ਹਨ ਉਨ੍ਹਾਂ ਨੂੰ ਦੂਰ ਕਰਨ ਦੀ ਦਿਸ਼ਾ ਵਿਚ ਕੋਈ ਗਲਬਾਤ ਨਹੀਂ ਹੋਈ। ਸ਼ਾਇਦ ਦੋਵੇਂ ਦੇਸ਼ਾਂ ਦੇ ਆਗੂ ਇਹ ਨਹੀਂ ਚਾਹੁੰਦੇ ਕਿ ਲੋਕ ਅਸਾਨੀ ਨਾਲ ਆ ਜਾ ਸਕਣ। ਭਾਰਤ ਤੇ ਪਾਕਿਸਤਾਨ ਹੀ ਅਜਿਹੇ ਦੇਸ਼ ਹਨ ਜਿਨ੍ਹਾਂ ਦਰਮਿਆਨ ਵੀਜ਼ਾ ਬੜੀ ਮੁਸ਼ਕਿਲ ਨਾਲ ਦਿਤਾ ਜਾਂਦਾ ਹੈ ਅਤੇ ਵੀਜ਼ਾ ਮਿਲਦੇ ਹੀ ਜਦ ਲੋਕ ਭਾਰਤ ਜਾਂ ਪਾਕਿਸਤਾਨ ਪਹੁੰਚਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਆਉਣ ਬਾਰੇ 24 ਘੰਟੇ ਦੇ ਵਿਚ ਪੁਲਸ ਸਟੇਸ਼ਨ ਜਾ ਕੇ ਹਾਜ਼ਰੀ ਦੇਣੀ ਹੁੰਦੀ ਹੈ ਅਤੇ ਜਾਣ ਤੋਂ ਪਹਿਲਾਂ ਵੀ ਪੁਲਸ ਸਟੇਸ਼ਨ ਜਾਣਾ ਪੈਂਦਾ ਹੈ।

ਜਨਰਲ ਜ਼ਿਆ ਉਲ ਹੱਕ ਅਤੇ ਰਾਜੀਵ ਗਾਂਧੀ ਨੂੰ ਚਾਹੀਦਾ ਸੀ ਕਿ ਸ਼ਾਂਤੀ ਤੇ ਸਹਿਯੋਗ ਕਰਨ ਦੇ ਐਲਾਨ ਕਰਨ ਦੀ ਬਜਾਏ ਦੋਵੇਂ ਦੇਸ਼ਾਂ ਦਰਮਿਆਨ ਵੀਜ਼ਾ ਅਤੇ ਪਾਸਪੋਰਟ ਦੀਆਂ ਮੁਸੀਬਤਾਂ ਨੂੰ ਆਸਾਨ ਕਰਦੇ। ਪਤਾ ਨਹੀਂ ਕਿਉਂ ਸਾਡੇ ਆਗੂ ਭਾਰਤ ਤੇ ਪਾਕਿ ਦੀ ਜਨਤਾ ਨੂੰ ਖੁਲ੍ਹੇ ਰੂਪ ਵਿਚ ਮਿਲਣ ਨੂੰ ਪਸੰਦ ਨਹੀਂ ਕਰਦੇ। ਸ਼ਾਇਦ ਇਸ ਨਾਲ ਉਨ੍ਹਾਂ ਦੀ ਵਿਅਕਤੀਗਤ ਤੇ ਰਾਜਨੀਤਕ ਖੇਡ ਵਿਚ ਰੁਕਾਵਟ ਪੈਂਦੀ ਹੈ।

ਬਾਰ ਬਾਰ ਭਾਰਤ ਤੇ ਪਾਕਿਸਤਾਨ ਦਰਮਿਆਨ ਲੇਖਕਾਂ, ਪੱਤਰਕਾਰਾਂ ਅਤੇ ਕਲਾਕਾਰਾਂ ਦੇ ਵਟਾਂਦਰੇ ਦੀਆਂ ਗੱਲਾਂ ਕੀਤੀਆਂ ਗਈਆਂ ਪਰ ਹਾਲਤ ਇਹ ਹੈ ਕਿ ਭਾਰਤ ਤੇ ਪਾਕਿਸਤਾਨ ਦੇ ਦਰਮਿਆਨ ਕੋਈ ਵੀ ਅਖਬਾਰ, ਰਸਾਲੇ, ਫਿਲਮਾਂ, ਵੀਡੀਓ ਕੈਸੇਟ ਖੁਲ੍ਹੇ ਰੂਪ ਵਿਚ ਨਹੀਂ ਆ ਜਾ ਸਕਦੇ। ਹਾਲਤ ਤਾਂ ਇਹ ਹੈ ਕਿ ਪਾਕਿਸਤਾਨ ਤੋਂ ਆਉਂਦੇ ਸਮੇਂ ਤੁਸੀਂ ਪਾਕਿਸਤਾਨੀ ਅਖਬਾਰਾਂ ਅਤੇ ਰਸਾਲੇ ਵੀ ਆਪਣੇ ਨਾਲ ਭਾਰਤ ਨਹੀਂ ਲਿਆ ਸਕਦੇ। ਦੋ ਸਾਲ ਪਹਿਲਾਂ ਜਦ ਮੈਂ ਭਰਤੀ ਟੈਲੀਵੀਜ਼ਨ ਤੇ ਪ੍ਰਧਾਨ ਜ਼ਿਆ ਉਲ ਹੱਕ ਨਾਲ ਇਕ ਮੁਲਾਕਾਤ ਕੀਤੀ ਸੀ ਤਦ ਵੀ ਉਨ੍ਹਾਂ ਨੇ ਇਸ ਤਰ੍ਹਾਂ ਦੀਆਂ ਰੋਕਾਂ ਦੇ ਵਿਸ਼ੇ ਬਾਰੇ ਮੇਰੇ ਸਵਾਲ ਨੂੰ ਆਇਆ ਗਿਆ ਕਰ ਦਿਤਾ ਸੀ। ਇਹ ਹਕੀਕਤ ਹੈ ਕਿ ਭਾਰਤ ਇਸ ਗੱਲ ਤੇ ਜ਼ੋਰ ਦਿੰਦਾ ਰਿਹਾ ਹੈ ਕਿ ਦੋਵੇਂ ਦੇਸ਼ਾਂ ਦਰਮਿਆਨ ਖੁਲ੍ਹਾ ਸਭਿਆਚਾਰਕ ਵਟਾਂਦਰਾ ਹੋਵੇ ਪਰ ਪਤਾ ਨਹੀਂ ਕਿਉਂ ਉਸ ਨੇ ਆਪਣੇ ਇਸ ਸੁਝਾਅ ਦਾ ਖੁਲ੍ਹੇਆਮ ਪ੍ਰਾਪੇਗੰਡਾ ਨਹੀਂ ਕੀਤਾ।

ਅਸਲੀਅਤ ਇਹ ਹੈ ਕਿ ਜਦ ਤਕ ਭਾਰਤ ਤੇ ਪਾਕਿਸਤਾਨ ਮਹੱਤਵਪੂਰਨ, ਖੇਤਰੀ ਅਤੇ ਕੌਮਾਂਤਰੀ ਸਵਾਲਾਂ ਤੇ ਠੀਕ ਰਵੱਈਆਂ ਅਪਨਾਉਣ ਦੀ ਕੋਸ਼ਿਸ਼ ਨਹੀਂ ਕਰਦੇ ਇਹ ਉਨ੍ਹਾਂ ਦੋਨਾਂ ਦਰਮਿਆਨ ਅਰਥਪੂਰਣ ਸਹਿਯੋਗ ਸੁਪਨਾ ਹੀ ਰਹੇਗਾ। ਜਦ ਦੋਵੇਂ ਦੇਸ਼ ਇਕ ਦੂਸਰੇ ਨੂੰ ਆਪਣੀ ਸੁਰੱਖਿਆ ਅਤੇ ਸਥਿਰਤਾ ਦਾ ਦੁਸ਼ਮਣ ਸਮਝਦੇ ਰਹਿਣਗੇ ਉਹ ਇਕ ਦੂਜੇ ਦੇ ਕਰੀਬ ਨਹੀਂ ਆ ਸਕਦੇ। ਜੇਕਰ ਅਸੀਂ ਆਸ਼ਾਵਾਂ ਦੀਆਂ ਗੱਲਾਂ ਕਰਦੇ ਰਹੀਏ ਪਰ ਅਮਲੀ ਤੌਰ ਤੇ ਜੇਕਰ ਅਸੀਂ 'ਨਿਰਾਸ਼ਾਵਾਂ" ਦੇ ਰੇਗਿਸਾਤਨ ਵਿਚ ਭਟਕਦੇ ਰਹੀਏ ਤਾਂ ਭਲਾ ਇਕ ਦੂਸਰੇ ਦੇ ਕਰੀਬ ਕਿਸ ਤਰ੍ਹਾਂ ਆ ਸਕਦੇ ਹਾਂ।

(ਪ੍ਰੈਸ ਏਸ਼ੀਆ ਇੰਟਰਨੈਸ਼ਨਲ)

ਜਣਿਆਂ ਵਾਂਗ ਜੀਣਾਂ, ਮਰਦਾਂ ਵਾਂਗ ਮਰਨਾ,
ਇਹ ਹੈ ਜਗ ਤੇ ਨਾਪ ਪੰਜਾਬੀਆਂ ਦਾ।
ਜੋਧਾ ਉਹ ਜੋ ਮਾਰੇ ਮੈਦਾਨ ਅੰਦਰ,
ਰਿਹਾ ਮੁੱਢ ਤੋਂ ਜਾਪ ਪੰਜਾਬੀਆਂ ਦਾ।
ਜਦ ਤਕ ਜ਼ੁਲਮ ਦੀ ਮੜ੍ਹੀ ਨਾ ਹੋਏ ਠੰਡੀ
ਲਹਿੰਦਾ ਕਦੇ ਨਹੀਂ ਤਾਪ ਪੰਜਾਬੀਆਂ ਦਾ।
ਉਸ ਕੌਮ ਦੇ ਸੜ ਗਏ ਨਸੀਬ ਜਿਹਨੂੰ,
ਮਿਲਿਆ ਕਦੇ ਸਰਾਪ ਪੰਜਾਬੀਆਂ ਦਾ।
ਇਹ ਪੰਜਾਬ ਹੈ ਦੇਸ਼ ਪਰਵਾਨਿਆਂ ਦਾ,
ਸੂਰਮਤਾਈ ਨੂੰ ਜਿਦ੍ਹੇ ਤੇ ਮਾਣ ਹੋਇਆ।
ਹੱਦਾਂ ਉੱਤੇ ਪੰਜਾਬ ਦੀ ਰੱਤ ਡੁੱਲ੍ਹੀ,
ਸਰਖ਼ਰੂ ਸਾਰਾ ਹੰਦੋਸਤਾਨ ਹੋਇਆ।

# ਅਤਿਵਾਦ ਦੇ ਟਾਕਰੇ ਲਈ ਅਕਾਲੀ ਦਲ ਦੀ ਹਮਾਇਤ

ਚੰਡੀਗੜ੍ਹ — ਪੰਜਾਬ ਦੀਆਂ ਵੱਖ ਵੱਖ ਰਾਜਸੀ ਪਾਰਟੀਆਂ ਰਾਜ ਵਿਚ ਭੰਨ-ਤੋੜ ਵਾਲੀਆਂ ਸ਼ਕਤੀਆਂ ਦਾ ਟਾਕਰਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੀ ਹਮਾਇਤ ਕਰਦੀਆਂ ਹਨ। 'ਰਸਤਾ ਰੋਕੋ' ਅੰਦੋਲਨ ਨੂੰ ਅਸਫਲ ਬਣਾਉਣ ਲਈ ਅਕਾਲੀ ਦਲ ਦੇ ਸਟੈਂਡ ਉਤੇ ਇਨ੍ਹਾਂ ਪਾਰਟੀਆਂ ਨੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਇਨ੍ਹਾਂ ਰਾਜਸੀ ਪਾਰਟੀਆਂ ਦਾ ਕਹਿਣਾਂ ਹੈ ਕਿ ਰਾਜ ਵਿਚ ਅਮਨ-ਕਾਨੂੰਨ ਕਾਇਮ ਰੱਖਣ ਅਤੇ ਸਥਿਰਤਾ ਲਿਆਉਣ ਨੂੰ ਉਹ ਸਭ ਤੋਂ ਵਧੇਰੇ ਅਹਿਮੀਅਤ ਦਿੰਦੇ ਹਨ।

ਰਾਜਸੀ ਹਲਕਿਆਂ ਦਾ ਕਹਿਣਾਂ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਅਕਾਲੀ ਅੰਦੋਲਨ ਤੋਂ ਲੈ ਕੇ ਹੁਣ ਤਕ ਭੰਨ-ਤੋੜ ਵਾਲੀਆਂ ਤਾਕਤਾਂ ਵਿਰੁਧ ਸਭ ਤੋਂ ਨਿਖਰਵਾਂ ਸੈਂਟਡ ਲਿਆ ਹੈ। ਇਸ ਨਾਲ ਆਉਣ ਵਾਲੇ ਦਿਨਾਂ ਵਿਚ ਬੇਸ਼ੱਕ ਭੰਨ-ਤੋੜ ਦੀਆਂ ਵਾਰਦਾਤਾਂ ਵਧ ਵੀ ਸਕਦੀਆਂ ਹਾਨ ਪ੍ਰੰਤੂ ਪੰਜਾਬ ਦੀ ਰਾਜਸੀ ਸਫਾਬੰਦੀ ਵਧੇਰੇ ਸਪਸ਼ਟ ਰੂਪ ਵਿਚ ਉਘੜਕੇ ਸਾਹਮਣੇ ਆਏਗੀ।

ਪੰਜਾਬ ਪ੍ਰਦੇਸ਼ ਕਾਂਗਰਸ(ਇ.) ਦੇ ਇਕ ਸੀਨੀਅਰ ਆਗੂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਾਰਟੀ ਰਾਜ ਵਿਚ ਕੋਈ ਨਵਾਂ ਅੰਦੋਲਨ ਸ਼ੁਰੂ ਕਰ ਕੇ ਅਕਾਲੀ ਦਲ ਦੀ ਸਰਕਾਰ ਨੂੰ ਹੋਰ ਉਲਝਾਉਣ ਦੇ ਹੱਕ ਵਿ ਨਹੀਂ ਹੈ। ਭਾਵੇਂ ਕਾਂਗਰਸ ਲੀਡਰਸ਼ਿਪ ਦਾ ਕੁਝ ਹਿਸਾ ਅਕਾਲੀ ਸਰਕਾਰ ਵਲੋਂ ਅਮਨ-ਕਾਨੂੰਨ ਕਾਇਮ ਰੱਖਣ ਲਈ ਉਠਾਏ ਕਦਮਾਂ ਤੋਂ ਸੰਤੁਸ਼ਟ ਨਹੀਂ ਹੈ ਪ੍ਰੰਤੂ ਸਮੁੱਚੇ ਤੌਰ ਉਤੇ ਪਾਰਟੀ ਸਰਕਾਰ ਦੇ ਨਾਲ ਹੈ। ਕਾਂਗਰਸ (ਇ.) ਨੇਤਾ ਦਾ ਕਹਿਣਾ ਹੈ ਕਿ ਇਹੀ ਕਾਰਨ ਹੈ ਕਿ ਉਨ੍ਹਾਂ ਦੀ ਪਾਰਟੀ ਵਿਧਾਨ ਸਭਾ ਵਿਚ ਦੂਜੇ ਨੰਬਰ ਉਤੇ ਹੁੰਦੀ ਹੋਈ ਵੀ ਰਾਜ ਵਿਚ ਵਿਰੋਧੀ ਧਿਰ ਦਾ ਰੋਲ ਨਹੀਂ ਨਿਭਾ ਰਹੀ। ਸਤਲੁਜ-ਜਮਨਾ ਲਿੰਕ ਨਹਿਰ ਕੱਢਣ ਦੇ ਸਵਾਲ ਉਤੇ ਪਾਰਟੀ ਪਹਿਲਾਂ ਹੀ ਅਕਾਲੀ ਦਲ ਦੀ ਹਮਾਇਤ ਕਰ ਰਹੀ ਹੈ। ਪਾਰਟੀ ਦੇ ਕੁਝ ਹਲਕਿਆਂ ਦਾ ਕਹਿਣਾ ਹੈ ਕਿ ਕੇਂਦਰ-ਅਕਾਲੀ ਸਮਝੌਤੇ ਨੂੰ ਅਮਲ ਵਿਚ ਲਿਆਉਣ ਲਈ ਅਤੇ ਕੁਝ ਹੋਰ ਮਸਲਿਆਂ ਉਤੇ ਹਰਕਤ ਵਿਚ ਆਉਣ ਦੀ ਲੋੜ ਹੈ ਤਾਂ ਜੋ ਪਾਰਟੀ ਦੇ ਹਮਾਇਤੀ ਅਧਾਰ ਨੂੰ ਖੋਰਾ ਨਾ ਲੱਗੇ।

ਰਾਜ ਵਿਚ ਭੰਨ-ਤੋੜ ਵਾਲੀਆਂ ਸ਼ਕਤੀਆਂ ਦੇ ਮਾਮਲੇ ਵਿਚ ਅਕਾਲੀ ਦਲ ਤਿੱਖੀ ਵਿਰੋਧਤਾ ਕਰਨ ਵਾਲੀ ਸੀ. ਪੀ. ਆਈ. ਦੇ ਹਲਕਿਆਂ ਨੇ ਵੀ ਅਕਾਲੀ ਦਲ ਦੇ 'ਰਸਤਾ ਰੋਕੋ' ਵਾਲੇ ਸਟੈਂਡ ਉਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਬੇਸ਼ੱਕ ਪਾਰਟੀ ਅਜੇ ਵੀ ਇਹ ਸਮਝਦੀ ਹੈ ਕਿ ਵਖਵਾਦੀ ਅਤੇ ਭੰਨ-ਤੋੜ ਵਾਲੀਆਂ ਸ਼ਕਤੀਆਂ ਦੇ ਟਾਕਰੇ ਲਈ ਅਕਾਲੀ ਦਲ ਵਧੇਰੇਹੇ ਦ੍ਰਿੜਤਾ ਨਾਲ ਸਟੈਂਡ ਲਏ। ਪਾਰਟੀ ਦਾ ਕਹਿਣਾਂ ਹੈ ਕਿ ਬਰਨਾਲਾ ਦੀ ਥਾਂ ਸਮੁੱਚੀ ਲੀਡਰਸ਼ਿਪ ਹੀ ਅਤਿਵਾਦ ਵਿਰੁੱਧ ਨਿਖਰਵਾਂ ਸਟੈਂਡ ਲਏ।

ਆਲ

ਆਲ ਇੰਡੀਆ ਸ਼ਰੋਮਣੀ ਅਕਾਲੀ ਦਲ (ਮਾ.) ਤਾਰਾ ਸਿਘ) ਦੇ ਇਕ ਆਗੂ ਮਨਮੋਹਣ ਸਿਘ ਘਾਇਲ ਦਾ ਕਹਿਣਾ ਹੈ ਕਿ ਰਾਜ ਦੀਆਂ ਹਿੰਸਕ ਘਟਨਾਵਾਂ ਨੂੰ ਰੋਕਣ ਵਾਲੇ ਕਦਮਾਂ ਦੀ ਉਨ੍ਹਾਂ ਦਾ ਦਲ ਹਮਾਇਤ ਕਰਦਾ ਹੈ। ਉਨ੍ਹਾਂ ਕਿਹਾ ਕਿ ਰਾਜ ਦਾ ਵਿਗੜ ਰਿਹਾ ਵਾਤਾਵਰਣ ਸਮੁੱਚੇ ਪੰਜਾਬੀਆਂ ਲਈ ਚਿੰਤਾ ਦਾ ਕਾਰਨ ਹੈ। ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਅਟੱਲ ਬਿਹਾਰੀ ਵਾਜਪਾਈ ਨੇ ਹਾਲ ਈ ਵਿਚ ਕਿਹਾ ਸੀ ਕਿ ਉਨ੍ਹਾਂ ਦੀ ਪਾਰਟੀ ਅਕਾਲੀ ਸਰਕਾਰ ਉਤੇ ਕੋਈ ਟਿੱਪਣੀ ਨਹੀਂ ਕਰੇਗੀ ਕਿਉਂ ਜੋ ਉਸ ਦੀ ਕਾਰਗੁਜ਼ਾਰੀ ਵੇਖਣ ਲਈ ਹੋਰ ਸਮਾਂ ਚਾਹੀਦਾ ਹੈ।

## ਦੋ ਬੰਦੇ ਫੜਨ ਦਾ ਦਾਅਵਾ

ਲੁਧਿਆਣ, (ਯੂ. ਐਨ. ਆਈ.) – ਪੁਲੀਸ ਨੇ ਇਥੇ 18 ਜਨਵਰੀ ਨੂੰ ਗੋਲੀ ਚੱਲਣ ਦੀ ਵਾਰਦਾਤ ਦੇ ਸਬੰਧ ਵਿਚ ਦੋ ਵਿਅਕਤੀਆਂ ਜਗਜੀਤ ਸਿੰਘ ਅਤੇ ਰਮੇਸ਼ ਕੁਮਾਰ ਨੂੰ ਗ੍ਰਿਫਤਾਰ ਕਰਨ ਅਤੇ ਉਨ੍ਹਾਂ ਕੋਲੋਂ ਇਕ ਛੁਰਾ ਅਤੇ ਜ਼ਖਮੀ ਵਿਅਕਤੀ ਦਾ ਕੋਟ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਪੁਲੀਸ ਇਸ ਸਬੰਧ ਵਿਚ ਅਜੇ ਦੋ ਹੋਰ ਵਿਅਕਤੀਆਂ ਦੀ ਭਾਲ ਕਰ ਰਹੀ ਹੈ।

# ਬਹੁਗੁਣਾ ਵਲੋਂ 'ਸਮਝੌਤੇ' ਦੇ ਸਵਾਲ 'ਤੇ ਰਾਜੀਵ ਦੀ ਆਲੋਚਨਾ

ਭਵਾਨੀ — ਲੋਕ ਦਲ ਦੇ ਉਪ ਪ੍ਰਧਾਨ ਐਚ. ਐਨ. ਬਹੁਗੁਣਾ ਨੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਉਪਰ ਵਿਰੋਧੀ ਧਿਰ ਨੂੰ ਵਿਸ਼ਵਾਸ਼ ਵਿਚ ਲਏ ਬਗੈਰ 'ਚੋਰੀ ਚੋਰੀ' ਪੰਜਾਬ ਸਮਝੌਤਾ ਕਰ ਲੈਣ ਦਾ ਦੋਸ਼ ਲਗਾਇਆ ਹੈ। ਲੋਕ ਦਲ ਆਗੂ ਨੇ ਅਕਾਲੀ ਦਲ ਦਾ ਆਨਜ਼ਦਪੁਰ ਸਾਹਿਬ ਦਾ ਮਤਾ ਸਰਕਾਰੀਆ ਕਮਿਸ਼ਨ ਅੱਗੇ ਪੇਸ਼ ਕਰ ਦੇਣ ਦੇ ਮਾਮਲੇ ਵਿਚ ਵੀ ਸ੍ਰੀ ਰਾਜੀਵ ਗਾਂਧੀ ਦੀ ਕਰੜੀ ਆਲੋਚਨਾ ਕੀਤੀ ਹੈ।

ਸ੍ਰੀ ਬਹੁਗੁਣਾ ਪੰਜਾਬ ਸਮਝੌਤੇ ਦੇ ਖਿਲਾਫ ਹਰਿਆਣਾ ਲੋਕ ਦਲ ਵਲੋਂ ਸ਼ੁਰੂ ਕੀਤੀ ਗਈ ਮੁਹਿੰਮ ਵਿਚ ਹਿਸਾ ਲੈਣ ਲਈ ਇਥੇ ਆਏ ਹੋਏ ਹਨ ਅਤੇ ਇਸ ਸਬੰਧ ਵਿਚ ਲੋਹਾਰੂ ਵਿਖੇ ਇਕ ਆਮ ਇਕੱਤਰਤਾ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪਾਣੀਆਂ ਦੀ ਵੰਡ ਦੇ ਮਾਮਲੇ ਵਿਚ ਅੰਤਰਰਾਜੀ ਝਗੜਿਆਂ ਬਾਰੇ 1956 ਦੇ ਕਾਨੂੰਨ ਦੇ ਤਹਿਤ ਪ੍ਰਧਾਨ ਮੰਤਰੀ ਨੂੰ ਪੰਜਾਬ ਅਤੇ ਹਰਿਆਣਾ ਵਿਚਾਲੇ ਨਦੀਆਂ ਦੇ ਪਾਣੀ ਦੀ ਵੰਡ ਦੇ ਮਾਮਲੇ ਵਿਚ ਫੈਸਲਾ ਦੇਣ ਦਾ ਕੋਈ ਅਧਿਕਾਰ ਨਹੀਂ ਹੈ ਬਲਕਿ ਅਜਿਹਾ ਸਿਰਫ ਟ੍ਰਿਬਿਊਨਲ ਜਾਂ ਸੁਪਰੀਮ ਕੋਰਟ ਵਲੋਂ ਹੀ ਦਿਤਾ ਜਾ ਸਕਦਾ ਹੈ। ਇਸ ਅਵਸਰ ਉਤੇ ਪਾਰਟੀ ਦੇ ਜਨਰਲ ਸਕੱਤਰ ਬੀ. ਪੀ. ਮੋਰੀਆ ਅਤੇ ਹਰਿਆਣਾ ਲੋਕ ਦਲ ਦੇ ਉਪ ਪ੍ਰਧਾਨ ਡਾ. ਸਰੂਪ ਸਿੰਘ ਨੇ ਕਿਹਾ ਕਿ ਤਜਰਬੇ ਦੀ ਅਣਹੋਂਦ ਕਾਰਨ ਸ੍ਰੀ ਗਾਂਧੀ ਸਭ ਕੰਮ ਗਲਤ ਕਰੀ ਜਾ ਰਹੇ ਹਨ।

## ਗਰਨੇਡ

ਅੰਮ੍ਰਿਤਸਰ — ਪੁਲਸ ਨੇ ਵੈਰੋਵਾਲ ਵਿਚ ਇਕ ਨਹਿਰ ਕਿਨਾਰੇ ਲੁਕੋਏ ਹੋਏ ਐਚ. ਈ-36 ਕਿਸਮ ਦੇ ਚਾਰ ਗਰਨੇਡ ਆਪਣੇ ਕਬਜ਼ੇ ਵਿਚ ਕੀਤੇ। ਇਹ ਗਰਨੇਡ ਉਦੋਂ ਲੱਭੇ ਜਦੋਂ ਵਰਕਰ ਨਹਿਰ ਦੇ ਕਿਨਾਰੇ ਪੱਕੇ ਕਰਨ ਲਈ ਮਿੱਟੀ ਪੁੱਟ ਰਹੇ ਸਨ।

## ਜ਼ਿੰਮੇਵਾਰੀ

ਜਲੰਧਰ ਤੋਂ ਯੂ. ਐਨ. ਆਈ. ਅਨੁਸਾਰ ਦਸ਼ਮੇਸ਼ ਰੈਜਮੈਂਟ ਨਾਂ ਦੇ ਅਤਿਵਾਦੀ ਗਰੁੱਪ ਵਲੋਂ ਦਾਅਵਾ ਕੀਤਾ ਗਿਆ ਹੈ ਕਿ ਪਿਛਲੇ ਇਕ ਹਫਤੇ ਦੌਰਾਨ ਪੰਜਾਬ ਵਿਚ ਹੋਈਆਂ ਹਿਸਾ ਦੀਆਂ ਕਾਰਵਾਈਆਂ ਲਈ ਰੈਜਮੈਂਟ ਜ਼ਿੰਮੇਵਾਰ ਹੈ। ਟੈਲੀਫੋਨ ਉਤੇ ਸਰਦੂਲ ਸਿੰਘ ਨਾਂ ਦੇ ਇਕ ਬੰਦੇ ਨੇ ਚਿਤਾਵਨੀ ਦਿਤੀ ਕਿ 26 ਜਲਵਰੀ ਤੋਂ ਬਾਅਦ ਰੈਜਮੈਂਟ ਹੋਰ ਹਿਸਾ ਕਰੇਗੀ।

# ਸਰਕਾਰ ਟੁੱਟੀ ਤਾਂ ਫਿਰ ਫੌਜੀ ਹਕੂਮਤ ਦਾ ਡਰ — ਟੌਹੜਾ

ਰਾਜਪੁਰਾ — ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਨੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਵਲ ਸੰਕੇਤ ਕਰਦੇ ਹੋਏ ਕਿਹਾ ਹੈ ਕਿ ਇਹ ਲੋਕ ਬਰਨਾਲਾ ਸਰਕਾਰ ਨੂੰ ਤੋੜਨਾ ਚਾਹੁੰਦੇ ਹਨ। ਸ. ਟੌਹੜਾ ਨੇ ਬੀਤੇ ਦਿਲ ਇਥੋਂ ਪੰਜ ਕਿਲੋਮੀਟਰ ਦੂਰ ਪਿੰਡ ਸੁਰੋਂ ਵਿਖੇ ਉਥਘੇ ਅਕਾਲੀ ਜਥੇ ਜਥੇਦਾਰ ਫਕੀਰ ਸਿੰਘ ਦੇ ਸ਼ਰਧਾਂਜਲੀ ਸਮਾਗਮ ਵਿਚ ਬੋਲ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਇਹ ਗੱਲ ਸਾਰਿਆਂ ਨੂੰ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਜੇਕਰ ਬਰਨਾਲਾ ਸਰਕਾਰ ਟੁੱਟੇਗੀ ਤਾਂ ਇਥੇ ਨਾ ਤਾਂ ਕਾਂਗਰਸ ਦੀ ਸਰਕਾਰ ਬਣੇਗੀ ਅਤੇ ਨਾ ਹੀ ਰਾਸ਼ਟਰਪਤੀ ਰਾਜ ਲਾਗੂ ਹੋਏਗਾ; ਸਗੋਂ ਫੌਜੀ ਹਕੂਮਤ ਚਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਫੌਜੀ ਹਕੂਮਤ ਦੀ ਇਕ ਝਲਕ ਪਹਿਲਾਂ ਹੀ ਦੇਖ ਲਈ ਹੈ। ਉਨ੍ਹਾਂ ਨੇ ਆਖਿਆ ਕਿ ਕੁਝ ਪੰਥ ਪਰਸਤ ਫੌਜੀਆਂ ਵਲੋਂ ਬੈਰਕਾਂ ਛੱਡਣ ਕਾਰਨ ਪਹਿਲਾਂ ਤਾਂ ਕੁਝ ਬਚਾਅ ਰਿਹਾ ਪਰ ਜੇ ਹੁਣ ਫੌਜੀ ਰਾਜ ਹੋਇਆ ਤਾਂ ਨਾ ਤਾਂ ਫੌਜੀਆਂ ਨੇ ਗਲਤ ਹਰਕਤਾਂ ਕਰਨ ਵਾਲਿਆਂ ਨੂੰ ਛੱਡਣਾ ਹੈ ਅਤੇ ਨਾ ਹੀ ਸਾਡੇ ਵਰਗਿਆਂ ਮੱਤਾਂ ਦੇਣ ਵਾਲਿਆਂ ਨੂੰ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਜ਼ੁਲਮ ਦੇ ਜਬਰ ਵਿਰੁਧ ਲੜਾਈ ਲੜਦਿਆਂ ਗੁ ਗੁਰੂ ਗੋਬਿੰਦ ਸਿੰਘ ਨੇ ਵੀ ਦਮ ਲਿਆ ਸੀ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਰਨਾਲਾ ਸਰਕਾਰ ਦੇ ਹੱਥ ਮਜ਼ਬੂਤ ਕਰਨ ਤਾਂ ਜੋ ਪੰਜਾਬ ਵਿਚ ਸ਼ਾਂਤੀ ਸਥਾਪਤ ਹੋ ਸਕੇ, ਵਿਗੜੀ ਹੋਈ ਆਰਥਿਕ ਦਿਸ਼ਾ ਸੁਧਰ ਸਕੇ ਤੇ ਚ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਅਤੇ ਬੈਰਕਾਂ ਛੱਡਣ ਵਾਲੇ ਫੌਜੀਆਂ ਦੀ ਸਮੱਸਿਆ ਹੱਲ ਕੀਤੀ ਜਾ ਸਕੇ।

# ਰਾਜਸੀ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ

ਨਵੀਂ ਪਿ ਦਿੱਲੀ — ਰਾਜਸੀ ਮਾਮਲਿਆਂ ਬਾਰੇ ਕੇਂਦਰੀ ਵਜ਼ਾਰਤ ਦੀ ਮੀਟਿੰਗ ਅੰਦਰ ਇਥੇ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਦੇ ਮਾਮਲੇ ਵਿਚ ਹੁਣ ਤਕ ਹੋਈ ਪ੍ਰਗਤੀ ਦਾ ਮੁਲਾਂਕਣ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਪ੍ਰਧਾਂਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਕੀਤੀ ਅਤੇ ਪਤਾ ਲੱਗਿਆ ਹੈ ਕਿ ਇਸ ਦੌਰਾਨ ਚੰਡੀਗੜ੍ਹ ਪੰਜਾਬ ਨੂੰ ਦਿਤੇ ਜਾਣ ਬਾਰੇ ਫੈਸਲੇ ਨੂੰ ਅੰਤਮ ਰੂਪ ਦਿਤਾ ਗਿਆ।

# ਕਾਂਸਟੇਬਲਾਂ ਉਤੇ ਗੋਲੀ

## ਹੁਸ਼ਿਆਰਪੁਰ 'ਚ ਦਹਿਸ਼ਤਪਸੰਦ ਕਾਬੂ

ਅੰਮ੍ਰਿਤਸਰ — ਇਥੇ ਤਰਨਤਾਰਨ ਰੋਡ ਉਤੇ ਕਥਿਤ ਬੇਪਛਾਣ ਅਤਿਵਾਦੀਆਂ ਨੇ ਪੁਲੀਸ ਦੇ ਦੋ ਕਾਂਸਟੇਬਲਾਂ ਉਤੇ ਗੋਲੀ ਚਲਾਈ ਪਰ ਉਹ ਦੋਵੇਂ ਵਾਲ ਵਾਲ ਬਚ ਗਏ। ਪੁਲੀਸ ਸੂਤਰਾਂ ਅਨੁਸਾਰ ਹੈਡ ਕਾਂਸਟੇਬਲ ਬਲਦੇਵ ਕ੍ਰਿਸ਼ਨ ਅਤੇ ਕਾਂਸਟੇਬਲ ਅਮਰਜੀਤ ਸਿੰਘ 'ਬੀ' ਡਵੀਜ਼ਨ ਥਾਣੇ ਵਿਚ ਡਿਊਟੀ ਦੇ ਕੇ ਆਪੋ ਆਪਣੇ ਘਰਾਂ ਨੂੰ ਪਰਤ ਰਹੇ ਸ ਸਨ ਕਿ ਕੁਝ ਸ਼ਰਾਰਤੀਆਂ ਨੇ ਸਟੇਨ ਗੰਨਾਂ ਨਾਲ ਉਨ੍ਹਾਂ ਉਤੇ ਦੋ ਗੋਲੀਆਂ ਚਲਾਈਆਂ। ਇਕ ਗੋਲੀ ਹੈਡ ਕਾਂਸਟੇਬਲ ਦੀ ਪੱਗ ਵਿਚ ਲੱਗੀ ਅਤੇ ਦੂਜੀ ਕਾਂਸਟੇਬਲ ਦੀ ਸਰਕਾਰੀ ਰਾਈਫਲ ਦੇ ਬੱਟ ਉਤੇ।

ਹਮਲਾਵਰ ਮਗਰੋਂ ਨੱਸਣ ਵਿਚ ਸਫਲ ਹੋ ਗਏ। ਕੇਸ ਦਰਜ ਕਰ ਲਿਆ ਗਿਆ ਹੈ।

## ਦਹਿਸ਼ਤਪਸੰਦ ਕਾਬੂ

ਚੰਡੀਗੜ੍ਹ ਤੋਂ ਯੂ. ਐਨ. ਆਈ. ਅਨੁਸਾਰ ਹੁਸ਼ਿਆਰਪੁਰ ਪੁਲੀਸ ਨੇ ਕੁਲਵੰਤ ਸਿੰਘ ਨਾਂ ਦੇ ਇਕ ਦਹਿਸ਼ਤਪਸੰਦ ਨੂੰ ਕਾਬੂ ਕੀਤਾ ਹੈ। ਪੁਲੀਸ ਦੇ ਇਕ ਬੁਲਾਰੇ ਅਨੁਸਾਰ ਕੁਲਵੰਤ ਸਿੰਘ ਗੁਰਦਾਸਪੁਰ ਜ਼ਿਲੇ ਦੇ ਕਾਹਨੂੰਵਾਲਾ ਖੇਤਰ ਦਾ ਰਹਿਣ ਵਾਲਾ ਹੈ ਅਤੇ ਉਸ ਨੇ ਗੁਰਦਾਸਪੁਰ ਦੇ ਦੋ ਪੁਲੀਸ ਅਫਸਰਾਂ ਤੋਂ ਹਥਿਆਰ ਖੋਹਣ ਦੇ ਯ ਨਾਲ ਨਾਲ ਹੁਸ਼ਿਆਰਪੁਰ ਵਿਚ ਪੰਜ ਵਾਰਦਾਤਾਂ ਦਾ ਇਕਬਾਲ ਕਰ ਲਿਆ ਹੈ। ਉਸ ਪਾਸੋਂ ਇਕ ਨ੍ਹ ਅਂਮ. ਐਮ. ਦਾ ਪਿਸਤੌਲ ਤੇ 9 ਕਾਰਤੂਸ ਅਤੇ 455 ਦਾ ਇਕ ਰਿਵਾਲਵਰ ਅਤੇ 24 ਕਾਰਤੂਸ ਵੀ ਬਰਾਮਦ ਹੋਏ ਹਨ। ਉਹ ਮੁਕੇਰੀਆਂ ਅਤੇ ਟਾਂਡਾ ਦੀਆਂ ਦੋ ਡਕੈਤੀਆਂ, ਹੁਸ਼ਿਆਰਥਪੁਰ ਵਿਚ ਸਕੂਟਰ ਖੋਹਣ ਦੀਆਂ ਦੋ ਘਟਨਾਂਵਾਂ ਅਤੇ ਇਕ ਇਰਾਦਾ ਕਤਲ ਕੇਸ ਵਿਚ ਸ਼ਾਮਲ ਸੀ। ਉਸ ਨੇ ਗੁਰਦਾਸਪੁਰ ਜ਼ਿਲੇ ਵਿਚ ਇਕ ਬੱਸ ਵਿਚੋਂ ਇਕ ਪੁਲੀਸ ਅਧਿਕਾਰੀ ਦਾ ਰਿਵਾਲਰ ਖੋਹਿਆ ਸੀ ਅਤੇ ਹੈਡ ਕਾਂਸਟੇਬਲ ਮੁਖਤਿਆਰ ਸਿੰਘ ਨੂੰ ਜ਼ਖਮੀ ਕਰ ਕੇ ਉਸ ਦਾ ਸਰਕਾਰੀ ਰਿਵਾਲਵਰ ਖੋਹ ਲਿਆ ਸੀ। ਦੋਵੇਂ ਹਥਿਆਰ ਉਸ ਪਾਸੋਂ ਬਰਾਮਦ ਹੋ ਗਏ ਹਨ।

# ਕਿਰਪਾਲ ਕਮਿਸ਼ਨ ਦੀ ਮਿਆਦ ਵਧੀ

ਨਵੀਂ ਦਿੱਲੀ — ਸਰਕਾਰ ਨੇ ਏਅਰ ਇੰਡੀਆ ਦੇ ਜਹਾਜ਼ ਕਨਿਸ਼ਕ ਨੂੰ ਆਏ ਹਾਦਸੇ ਦੀ ਜਾਂਚ ਕਰ ਰਹੇ ਜਸਟਿਸ ਬੀ. ਐਨ. ਕਿਰਪਾਲ ਕਮਿਸ਼ਨ ਦੀ ਮਿਆਦ 28 ਫਰਵਰੀ ਤਕ ਵਧਾ ਦਿਤੀ। 23 ਜੂਨ ਨੂੰ ਬੋਇੰਗ 747 ਜਹਾਜ਼ ਐਟਲਾਂਟਿਕ ਸਾਗਰ ਵਿਚ ਜਾ ਡਿੱਗਾ ਸੀ ਜਿਸ ਨਾਲ 329 ਮੁਸਾਫਰ ਅਤੇ ਅਮਲੇ ਦੇ ਸਾਰੇ ਮੈਂਬਰ ਮਾਰੇ ਗਏ ਸਨ।

## ਗੁੱਲੀ ਡੰਡਾ ਮਾਰਨ ਵਾਲੀ ਨਾਕਸ ਦਵਾਈ

ਪਟਿਆਲਾ, 12 ਜਨਵਰੀ (ਖੇਤੀ ਪ੍ਰਤੀਨਿਧ) - ਕਣਕ ਵਿਚ ਗੁੱਲੀ ਡੰਡਾ ਖਤਮ ਕਰਨ ਲਈ ਵਰਤੀ ਜਾਂਦੀ ਇਕ ਲੋਕਪ੍ਰਿਆ ਨਦੀਨ ਨਾਸ਼ਕ ਦਵਾਈ ਨੇ ਕਈ ਥਾਈਂ ਕਣਕ ਦੀ ਫਸਲ ਨੂੰ ਹੀ ਨੁਕਸਾਨ ਪਹੁੰਚਾਇਆ ਹੈ।

ਖਰੜ, ਲੁਧਿਆਣਾ, ਸੰਗਰੂਰ ਅਤੇ ਪਟਿਆਲਾ ਜ਼ਿਲਿਆਂ ਦੇ ਕਈ ਪਿੰਡਾਂ ਵਿਚ ਫਸਲਾਂ ਨੂੰ ਹਾਨੀ ਪੁੱਜੀ ਹੈ। ਇਕ ਮਾਹਿਰ ਦਾ ਕਹਿਣਾ ਹੈ ਕਿ ਇਸ ਦਵਾਈ ਦਾ ਬੈਚ ਨੰਬਰ 172 ਗੁੱਲੀ ਡੰਡਾ ਚੰਗੀ ਤਰ੍ਹਾਂ ਖਤਮ ਨਹੀਂ ਕਰਦਾ। ਇਹ ਦਵਾਈ ਮਾਰਕਫੈਡ ਵਲੋਂ ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਵਲੋਂ ਵੀ ਵੰਡੀ ਜਾਂਦੀ ਹੈ।


FLEXIBLE PREMIUM LIFE INSURANCE TAILOR-MADE

To your needs which you can afford.

TOGETHER WE ARE STRONGER

NORTH AMERICAN LIFE

INSURANCE FOR

- Personal
- Children
- Mortgage
- RRSP
- Group Insuranc & Annuities

ਆਪਣੀਆਂ ਇੰਨਸ਼ੋਰੈਂਸ ਲੋੜਾਂ ਲਈ ਕਨਟੈਕਟ ਕਰੋ:

ਰਾਜ ਸਿੰਘ ਮਾਨ

- ਲਾਈਫ ਇੰਨਸ਼ੋਰੈਂਸ
- ਗਰੁਪ ਇੰਨਸ਼ੋਰੈਂਸ਼
- ਮਾਰਗੇਜ ਇੰਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇਨਸ਼ੋਰੈਂਸ

ਤੁਹਾਨੂੰ ਚਾਰ ਸਾਲ ਤੋਂ ਵੱਧ ਪੈਸੇ ਦੇਣ ਦੀ ਲੋੜ ਨਹੀਂ

1507 - 330 Portage Avenue
Winnipeg, Manitoba R3C 0C4
Bus. 943-1526
Res. 694-0731

NORTH AMERICAN LIFE ASSURANCE CO.



Raj Singh Mann

## ਨਵੇਂ ਹਸਪਤਾਲ ਲਈ ਮੰਤਰੀ ਵਲੋਂ ਪੰਜਾਹ ਹਜ਼ਾਰ ਰੁ: ਦਾ ਐਲਾਨ

ਗੋਰਾਇਆ — ਗੋਰਾਇਆ ਵਿਚ 25 ਬਿਸਤਰੇ ਦਾ ਹਸਪਤਾਲ ਖੋਲ੍ਹਣ ਦੇ ਸਮਾਰੋਹ ਵਿਚ ਪੰਜਾਬ ਦੇ ਸਿਹਤ ਮੰਤਰੀ ਬਸ਼ੰਤ ਸਿੰਘ ਖਾਲਸਾ ਨੇ ਪੰਜਾਹ ਹਜ਼ਾਰ ਰੁ: ਦੇਣ ਦਾ ਐਲਾਨ ਕੀਤਾ। ਮੌਕੇ 'ਤੇ ਹੀ ਦੋ ਏਕੜ ਜ਼ਮੀਨ ਲੋਕਾਂ ਨੇ ਹਸਪਤਾਲ ਵਾਸਤੇ ਦਿਤੀ। ਜਦੋਂ ਕਿ ਰੈਡ ਕਰਾਸ ਫੰਡ ਵਿਚੋਂ ਡੀ. ਸੀ. ਦੇ ਆਖਣ 'ਤੇ ਐਸ. ਡੀ. ਐਮ. ਫਿਲੌਰ ਨੇ 25000 ਰੁ:, ਮੈਸਰਜ਼ ਗੁਰੂ ਨਾਨਕ ਇੰਟਰਪ੍ਰਾਈਜਿਜ਼ ਦੇ ਮੈਨੇਜਿੰਗ ਡਾਇਰੈਕਟਰ ਗੁਰਸ਼ਰਨ ਸਿੰਘ ਵਲੋਂ 25000 ਰੁ: ਮੈਸਰਜ਼ ਜੀਰਥ ਇੰਡ., ਮੈ. ਸੂਰੀ ਬਰਦਰਜ਼ ਅਤੇ ਮੈ. ਕੁੰਦੀ ਇੰਜੀ. ਵਲੋਂ 11-11 ਹਜ਼ਾਰ ਰੁ: ਹਸਪਤਾਲ ਨੂੰ ਦੇਣ ਦਾ ਐਲਾਨ ਕੀਤਾ ਗਿਆ। ਸ੍ਰੀ ਕੁੰਦਨ ਸਿੰਘ ਇੰਗਲੈਂਡ ਵਾਸੀ ਦਸ ਹਜ਼ਾਰ ਰੁ: ਅਤੇ ਇਕ ਕਮਰਾ, ਜਸਬੀਰ ਸਿੰਘ ਕੂਨਰ ਅਤੇ ਗੁਲਜ਼ਾਰ ਸਿੰਘ ਢਿੱਲੋਂ ਵਲੋਂ 51,51 ਸੌ ਰੁਪਏ ਦੇਣ ਦਾ ਐਲਾਨ ਕੀਤਾ ਗਿਆ। ਇਸੇ ਮੌਕੇ 'ਤੇ ਇਕ ਲੱਖ 28 ਹਜ਼ਾਰ 200 ਰੁ: ਲੋਕਾਂ ਨੇ ਹੀ ਇਕੱਠੇ ਕਰ ਦਿਤੇ।

ਇਹ ਹਸਪਤਾਲ ਫਿਲਹਾਲ ਜੀ. ਟੀ. ਰੋਡ 'ਤੇ ਸ. ਮੇਹਰ ਸਿੰਘ ਬੁੰਡਾਲਾ ਟਰਾਂਸਪੋਰਟਰ ਦੇ ਮਕਾਨ ਵਿਚ 14 ਜਨਵਰੀ ਨੂੰ ਖੁਲ੍ਹ ਗਿਆ। ਇਸ ਦੇ ਖੋਲ੍ਹਣ ਦੀ ਰਸਮ ਪੰਜਾਬ ਦੇ ਵਿੱਤ ਮੰਤਰੀ ਬਲਵੰਤ ਸਿੰਘ ਅਤੇ ਸਿਹਤ ਮੰਤਰੀ ਬਸੰਤ ਸਿੰਘ ਖਾਲਸਾ ਨੇ ਕੀਤੀ। ਜਦੋਂ ਤੱਕ ਨਵੀਂ ਬਿਲਡਿੰਗ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਨਹੀਂ ਬਣ ਜਾਂਦੀ ਹਸਪਤਾਲ ਇਥੇ ਹੀ ਰਹੇਗਾ।

## ਚੌਲਾਂ ਦੇ ਛਿਲਕੇ ਦੀ ਕੀਮਤ ਵਿਚ ਕਮੀ

ਚੰਡੀਗੜ੍ਹ, [illegible] (ਪ੍ਰਭਜੋਤ ਸਿੰਘ) - ਪੰਜਾਬ ਸਰਕਾਰ ਨੇ ਚੌਲਾਂ ਦੇ ਛਿਲਕੇ ਦੀ ਲੇਵੀ ਕੀਮਤ ਵਿਚ 11 ਰੁਪਏ ਦੀ ਕਮੀ ਕਰ ਦਿੱਤੀ ਹੈ। ਹੁਣ ਇਸ ਦਾ ਨਵਾਂ ਭਾਅ 45 ਰੁਪਏ ਕੁਇੰਟਲ ਹੋਵੇਗਾ। ਇਸ ਦੇ ਨਾਲ ਹੀ ਸ਼ੈਲਰਾਂ ਤੋਂ ਖਰੀਦੇ ਜਾਣ ਵਾਲੇ ਸਰਕਾਰੀ ਕੋਟੇ ਦੀ ਮਾਤਰਾ ਵੀ 10 ਫੀਸਦੀ ਵਧਾ ਕੇ 40 ਫੀਸਦੀ ਕਰ ਦਿੱਤੀ ਗਈ ਹੈ।

ਹੁਣ 5000 ਜਾਂ ਘੱਟ ਮੁਰਗੀਆਂ ਵਾਲੇ ਸਾਰੇ ਮੁਰਗੀ ਫਾਰਮਾਂ ਨੂੰ ਲੇਵੀ ਦਾ ਚੌਲ ਛਿਲਕਾ ਮਿਲੇਗਾ। ਪਹਿਲਾਂ ਇਹ ਇਕ ਹਜ਼ਾਰ ਤੋਂ ਘੱਟ ਵਾਲੇ ਮੁਰਗੀ ਪਾਲਕਾਂ ਲਈ ਹੀ ਸੀ। [illegible]

## ਲੋਕ ਬਰਨਾਲਾ ਸਰਕਾਰ ਦੀਆਂ ਨੀਤੀਆਂ ਨਾਲ — ਚੰਦੂ ਮਾਜਰਾ

ਚੰਡੀਗੜ੍ਹ — ਅਕਾਲੀ ਦਲ ਯੂਥ ਵਿੰਗ ਦੇ ਪ੍ਰਧਾਨ ਪ੍ਰੋ: ਪ੍ਰੇਮ ਸਿੰਘ ਚੰਦੂ ਮਾਜਰਾ ਨੇ ਇਥੇ ਇਕ ਬਿਆਨ ਵਿਚ ਪੰਜਾਬ ਦੇ ਲੋਕਾਂ ਅਤੇ ਵਿਸ਼ੇਸ਼ ਕਰਕੇ ਨੌਜਵਾਨਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਬੜੇ ਹੌਂਸਲੇ ਤੇ ਦਲੇਰੀ ਨਾਲ ਕੇਂਦਰ ਸਰਕਾਰ ਤੇ ਪੰਜਾਬ ਦੇ ਕਾਂਗਰਸੀ ਨੇਤਾਵਾਂ ਵਲੋਂ ਰਾਜ ਵਿਚ 'ਰਸਤਾ ਰੋਕੋ' ਅੰਦੋਲਨ ਰਾਹੀਂ ਗੜਬੜ ਕਰਨ ਦੇ ਯਤਨਾਂ ਨੂੰ ਅਸਫਲ ਬਣਾ ਦਿਤਾ। ਉਨ੍ਹਾਂ ਨੇ ਕਿਹਾ ਕਿ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਵਲੋਂ ਰਸਤਾ ਰੋਕੋ ਸੱਦੇ ਨੂੰ ਪੰਜਾਬ ਦੇ ਲੋਕਾਂ ਵਲੋਂ ਹੁੰਗਾਰਾ ਨਾ ਦੇਣ ਤੋਂ ਇਹ ਸਿਧ ਹੋ ਗਿਆ ਹੈ ਕਿ ਪੰਜਾਬ ਦੇ ਲੋਕ ਸ. ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਦੇ ਪਰੋਗਰਾਮਾਂ ਤੇ ਨੀਤੀਆਂ ਦੇ ਹੱਕ ਵਿਚ ਹਨ ਤੇ ਉਹ ਕਿਸੇ ਅਜਿਹੀ ਸ਼ਕਤੀ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਜਿਹੜੀ ਪੰਜਾਬ ਸਮਝੌਤੇ ਨੂੰ ਤਾਰਪੀਡੋ ਕਰੇਗੀ।

ਸ. ਚੰਦੂਮਾਜਰਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੇ ਸਮੇਂ ਵਿਚ ਵੀ ਆਪਣੇ ਫਰਜ਼ਾਂ ਦੀ ਪਛਾਣ ਕਰਦੇ ਹੋਏ ਪੰਜਾਬ ਦੀ ਤਰੱਕੀ ਦੇ ਰਾਹ ਵਿਚ ਰੁਕਾਵਟੀ ਪੈਦਾ ਕਰਨ ਵਾਲੀਆਂ ਨੀਤੀਆਂ ਨੂੰ ਪਛਾੜਨ ਲਈ ਤਿਆਰ ਰਹਿਣ।

## ਗੁਰਦੁਆਰੇ ਵਿਚ ਹੱਤਿਆ ਦੀ ਸਖਤ ਨਿਖੇਧੀ

ਫਗਵਾੜਾ — ਸੁਲਤਾਨਪੁਰ ਲੋਧੀ ਦੇ ਗੁਰਦੁਆਰੇ ਵਿਚ 10 ਜਨਵਰੀ ਨੂੰ ਅਕਾਲੀ ਵਰਕਰ ਸੁਖਦੇਵ ਸਿੰਘ ਦੀ ਹੱਤਿਆ ਦੀ 15 ਅਕਾਲੀ ਨੇਤਾਵਾਂ ਨੇ ਸਖਤ ਨਿਖੇਧੀ ਕੀਤੀ ਹੈ। ਉਨ੍ਹਾਂ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਕੀਤੀ ਗਈ ਇਸ ਹੱਤਿਆ ਨਾਲ ਸਿੱਖ ਕੌਮ ਦੇ ਜਜ਼ਬਾਤ ਨੂੰ ਠੇਸ ਲੱਗੀ ਹੈ। ਸਾਂਝੇ ਬਿਆਨ 'ਤੇ ਦਸਖਤ ਕਰਨ ਵਾਲਿਆਂ ਵਿਚ 9 ਵਿਧਾਇਕਾਂ ਅਤੇ 6 ਜ਼ਿਲਾ ਜ ਜਥੇਦਾਰ ਸ਼ਾਮਲ ਹਨ।

ਇਨ੍ਹਾਂ ਨੇਤਾਵਾਂ ਨੇ ਪ੍ਰਧਾਨ ਮੰਤਰੀ ਵਲੋਂ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਬਾਰੇ ਦਿਤੇ ਗਏ ਬਿਆਨ ਦੀ ਸਰਾਹਨਾ ਕੀਤੀ ਹੈ ਅਤੇ ਕਿਹਾ ਕਿਹੇ ਕਿ 26 ਜਨਵਰੀ ਨੂੰ ਚੰਡੀਗੜ੍ਹ ਹਰ ਹਾਲਤ ਵਿਚ ਪੰਜਾਬ ਵਿਚ ਮਿਲਾ ਦਿਤਾ ਜਾਣਾ ਚਾਹੀਦਾ ਹੈ। ਇਨ੍ਹਾਂ ਨੇਤਾਵਾਂ ਨੇ ਫੈਡਰੇਸ਼ਨ ਦੇ ਰਸਤਾ ਰੋਕੋ ਪਰੋਗਰਾਮ ਨੂੰ ਹੁੰਗਾਰਾ ਨਾ ਦੇਣ ਲਈ ਪੰਜਾਬ ਦੇ ਲੋਕਾਂ ਦੀ ਸ਼ਲਾਘਾ ਕੀਤੀ ਹੈ।

## ਪੰਜਾਬ ਸਮਝੌਤੇ ਨੂੰ ਖਤਰਾ: ਜਨ. ਅਰੋੜਾ

ਪਟਿਆਲਾ — ਸਿੱਖ ਫੋਰਮ ਦੇ ਕਨਵੀਨਰ ਲੈਫਟੀ. ਜਨਰਲ (ਰਿਟਾ.) ਜਗਜੀਤ ਸਿੰਘ ਅਰੋੜਾ ਨੇ ਰਰੋਟਰੀ ਲਹਿਰ ਦੇ ਮੈਂਬਰਾਂ ਨੂੰ ਕਿਹਾ ਹੈ ਕਿ ਉਹ ਇਹ ਸੰਦੇਸ਼ ਹਰ ਬੰਦੇ ਤਕ ਪਹੁੰਚਾਉਣ ਦਾ ਯਤਨ ਕਰਨ ਕਿ ਸਾਰੇ ਮਨੁੱਖ ਬਰਾਬਰ ਹਨ ਅਤੇ ਧਾਂਰਮਿਕ ਤੇ ਸਿਆਸੀ ਵਖਰੇਵੇਂ ਉਨ੍ਹਾਂ ਨੂੰ ਇਕ-ਦੂਜੇ ਦੇ ਵੈਰੀ ਨਹੀਂ ਬਣਾਉਂਦੇ। ਇਥੇ ਰੋਟਰੀ ਡਿਸਟ੍ਰਿਕਟ 309 ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਰੋਟੇਰੀਅਨਾਂ ਦਾ ਫਰਜ਼ ਬਣਦਾ ਹੈ ਕਿ ਉਹ ਜ਼ੁਲਮ, ਕੁਪ੍ਰਥਾਵਾਂ, ਕੱਟੜਪੰਥੀ ਤੇ ਅਨਿਆਂ ਵਿਰੁੱਧ ਘੋਲ ਕਰਨ।

ਜਨਰਲ ਅਰੋੜਾ ਨੇ ਪੰਜਾਬ ਸਮੱਸਿਆ ਦੇ ਕਾਰਨਾਂ ਦੀ ਜਾਣਕਾਰੀ ਦਿੱਤੀ ਅਤੇ ਖਦਸ਼ਾ ਪ੍ਰਗਟ ਕੀਤਾ ਕਿ ਪੰਜਾਬ ਸਮਝੌਤੇ ਨੂੰ ਖਤਰਾ ਪੇਸ਼ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਜਿਹੇ ਅਨਸਰ ਮੌਜੂਦ ਹਨ ਜਿਹੜੇ ਕਿ ਸਮਝੌਤੇ ਨੂੰ ਸਫਲ ਨਹੀਂ ਹੋਣ ਦੇਣਾ ਚਾਹੁੰਦੇ ਅਤੇ ਇਸੇ ਕਾਰਨ ਬਰਨਾਲਾ ਸਰਕਾਰ ਨੂੰ ਡੇਗਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਇਸੇ ਤਰ੍ਹਾਂ ਹਰਿਆਣਾ ਵਿਚ ਵੀ ਅਜਿਹੇ ਅਨਸਰ ਮੌਜੂਦ ਹਨ ਜਿਹੜੇ ਜ਼ੁਬਾਨੀ-ਕਲਾਮੀ ਤਾਂ ਸਮਝੌਤੇ ਦੀ ਸਹੁੰ ਖਾਂਦੇ ਹਨ ਪਰ ਬੇਲੋੜੇ ਤੇ ਗੈਰ-ਵਾਜਿਬ ਦਾਅਵਿਆਂ ਰਾਹੀਂ ਮਾਹੌਲ ਨੂੰ ਖਰਾਬ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦਾ ਵਿਚਾਰ ਸੀ ਕਿ ਕੇਂਦਰ ਸਰਕਾਰ ਵਿਚ ਵੀ ਅਜਿਹੇ ਅਨਸਰ ਮੌਜੂਦ ਹਨ ਜਿਨ੍ਹਾਂ ਨੇ ਜਾਣ-ਬੁੱਝ ਕੇ ਮੈਥਿਊ ਕਮਿਸ਼ਨ ਦੀਆਂ ਧਰਾਵਾਂ ਤੇ ਅਧਿਕਾਰ ਖੇਤਰ ਵਿਚ "ਅਤੇ ਹੋਰ ਜ਼ਰੂਰੀ ਗੱਲਾਂ" ਵਾਲੀ ਮੱਦ ਦਾਖ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਅਨਸਰਾਂ ਨੇ ਇਕ ਗੁੰਝਲਦਾਰ ਸਮੱਸਿਆ ਦੇ ਸਰਧ-ਪ੍ਰਵਾਨਤ ਹੱਲ ਨੂੰ ਆਪਣੇ ਨਿਹਿਤ ਸੁਆਰਥਾਂ ਦੀ ਖਾਤਰ ਠੇਸ ਪਹੁੰਚਾਉਣ ਦੀ ਕੋਈ ਕਸਰ ਨਹੀਂ ਛੱਡੀ ?

ਜਨਰਲ ਅਰੋੜਾ ਦਾ ਕਹਿਣਾ ਸੀ ਕਿ ਪੰਜਾਬ ਸਮਝੌਤੇ ਨੂੰ ਸਭਨਾਂ ਧਿਰਾਂ ਵਲੋਂ ਦਿਆਨਤਦਾਰੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਅਜਿਹਾ ਕਰਨ ਲਈ ਇਕ-ਦੂਜੇ 'ਤੇ ਭਰੋਸਾ ਬਹੁਤ ਜ਼ਰੂਰੀ ਹੈ। ਇਹ ਭਰੋਸਾ ਜਗਾਉਣ ਲਈ ਸਭਨਾਂ ਧਿਰਾਂ ਨੂੰ ਸਦਭਾਵਨਾ ਭਰਪੂਰ ਮਾਹੌਲ ਪੈਦਾ ਕਰਨਾ ਚਾਹੀਦਾ ਹੈ

---

ਤਿਰੇ ਆਜ਼ਾਦ ਭਾਰਤ ਦੇ ਗੁਲਾਮੀ ਭੋਗਦੇ ਨੇ ਲੋਕ।
ਗੁਜ਼ਾਰਨ ਜ਼ਿੰਦਗੀ ਏਦਾਂ ਜਿਵੇਂ ਭੁਗਤਣ ਸਜ਼ਾ ਕੋਈ।

---


TICKETS TO ANYWHERE

# GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

GABA TRAVELS
6612, MAIN ST. VANCOUVER, B. C.
Phone 324-3336

# ਪੰਜਾਬ ਸਮਝੌਤੇ ਵਿਰੁੱਧ ਭਜਨ ਲਾਲ ਦੇ ਨਿਤ ਨਵੇਂ ਹੱਥਕੰਡੇ — ਬਰਨਾਲਾ

ਜੰਮੂ — ਪੰਜਾਬ ਦੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਇਥੇ ਕਿਹਾ ਕਿ ਹਰਿਆਣਾਂ ਦੇ ਮੁਖ ਮੰਤਰੀ ਭਜਨ ਲਾਲ ਪੰਜਾਬ ਸਮਝੌਤੇ ਨੂੰ ਤਾਰਪੀਡੋ ਕਰਨ ਲਈ ਯਤਨਸ਼ੀਲ ਹਨ ਅਤੇ ਉਹ 26 ਜਨਵਰੀ ਨੂੰ ਚੰਡੀਗੜ੍ਹ, ਪੰਜਾਬ ਨੂੰ ਦਿੱਤੇ ਜਾਣ ਵਿਰੁਧ ਰੋਜ਼ ਹੀ ਨਵੇਂ ਹੱਥਕੰਡੇ ਅਪਣਾ ਰਹੇ ਹਨ। ਇਥੇ ਸੰਤ ਮੇਲਾ ਸਿੰਘ ਆਸ਼ਰਮ ਵਿਚ ਜੰਮੂ-ਕਸ਼ਮੀਰ ਅਕਾਲੀ ਦਲ ਦੀ ਭਾਰੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਸਮੇਂ ਉਨ੍ਹਾਂ ਦੀ ਸਰਕਾਰ ਦਾ ਸਾਰਾ ਧਿਆਨ ਪੰਜਾਬ ਸਮਝੌਤੇ ਨੂੰ ਲਾਗੂ ਕਰਾਉਣ ਵੱਲ ਲੱਗਾ ਹੋਇਆ ਹੈ ਕਿਉਂਕਿ ਹਰਿਆਣਾ ਦੇ ਮੁਖ ਮੰਤਰੀ ਨਵੇਂ ਮਸਲੇ ਪੈਦਾ ਕਰਨ ਉਤੇ ਤੁਲੇ ਹੋਏ ਹਨ।

ਉਨ੍ਹਾਂ ਕਿਹਾ ਕਿ ਕੇਂਦਰ ਕੋਲ ਲੋਕਾਂ ਦੀ ਚੁਣੀ ਹੋਈ ਸਰਕਾਰ ਨੂੰ ਬਰਤਰਫ ਕਰਨ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ ਕਿਉਂਕਿ ਇਸ ਤਰ੍ਹਾਂ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਤੋੜੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਰਾਜਾਂ ਨੂੰ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਸਰਕਾਰੀਆ ਕਮਿਸ਼ਨ ਨੂੰ ਮੰਗ ਪੱਤਰ ਭੇਜਿਆ ਹੈ ਅਤੇ ਜੰਮੂ-ਕਸ਼ਮੀਰ ਅਕਾਲੀ ਦਲ ਨੂੰ ਵੀ ਇਵੇਂ ਹੀ ਕੇਸ ਤਿਆਰ ਕਰਨਾ ਚਾਹੀਦਾ ਹੈ।

ਬਾਬਾ ਜੋਗਿੰਦਰ ਸਿੰਘ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਪਹਿਲਾਂ ਤਾਂ ਉਨ੍ਹਾਂ ਨੇ ਚੋਣਾਂ ਦੇ ਬਾਈਕਾਟ ਦਾ ਸੱਦਾ ਦਿਤਾ ਅਤੇ ਜਦੋਂ ਪੰਜਾਬ ਦੇ ਲੋਕਾਂ ਨੇ ਉਸ ਵੱਲ ਕੋਈ ਧਿਆਨ ਨਾ ਦਿ ਤਾ ਤਾਂ ਉਹ ਹੁਣ ਅਕਾਲੀ ਸਰਕਾਰ ਨੂੰ ਖਤਮ ਕਰਨ ਦੀਆਂ ਚਾਲਾਂ ਚਲ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਅਕਾਲੀ ਸਰਕਾਰ ਖਤਮ ਹੋਈ ਤਾਂ ਫਿਰ ਬੰਦੂਕ ਦੀ ਛਾਂ ਹੇਠਾਂ ਕੰਮ ਕਰਨ ਵਾਲੀ ਕਾਂਗਰਸੀ ਸਰਕਾਰ ਕਾਇਮਕ ਹੋ ਜਾਵੇਗੀ। ਮੁਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਦੇ ਮਸਲੇ ਵੀ ਹੱਲ ਕਰਾਉਣ ਲਈ ਯਤਨ ਕਰ ਰਹੀ ਹੈ। ਮੁਖ ਮੰਤਰੀ ਨੇ ਕਿਹਾ ਕਿ ਬਲਿਊ ਸਟਾਰ ਅਪਰੇਸ਼ਨ ਸਮੇਂ ਬੈਰਕਾਂ ਛੱਡਣ ਵਾਲੇ ਫੌਜੀ ਭਗੌੜੇ ਨਹੀਂ ਸਨ ਕਿਉਂਕਿ ਉਨ੍ਹਾਂ ਦੇ ਜਜ਼ਬਾਤ ਨੂੰ ਠੇਸ ਪੁੱਜੀ ਸੀ ਇਸ ਲਈ ਉਹ ਅੰਮ੍ਰਿਤਸਰ ਨੂੰ ਚੱਲ ਪਏ ਸਨ। ਇਸ ਲਈ ਉਨ੍ਹਾਂ ਨੂੰ ਭਗੌੜੇ ਕਹਿਣਾ ਠੀਕ ਨਹੀਂ।

ਸ੍ਰੀ ਬਰਨਾਲਾ ਨੇ ਕਿਹਾ ਕਿ ਜੋ ਸੈਨਿਕ ਮੁਕਾਬਲਿਆਂ ਵਿਚ ਮਾਰੇ ਗਏ ਸਨ, ਉਨ੍ਹਾਂ ਦੇ ਵਾਰਸਾਂ ਦੇ ਮੁੜ ਵਸੇਬਗ਼ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨੂੰ ਮਾਲੀ ਸਹਾਇਤਾ ਅਤੇ ਜ਼ਮੀਨਾਂ ਦਿਤੀਆਂ ਜਾ ਰਹੀਆਂ ਹਨ। ਮੁਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਨੇ 3670 ਨਜ਼ਰਬੰਦਾਂ ਨੂੰ ਰਿਹਾਅ ਕੀਤਾ ਹੈ। ਇਨ੍ਹਾਂ ਨੂੰ ਝੂਠੇ ਕੇਸਾਂ ਵਿਚ ਫਸਾਇਆ ਗਿਆ ਸੀ। ਉਨ੍ਹਾਂ ਨੇ ਕਿਹਾ ਉਨ੍ਹਾਂ ਦੀ ਸਰਕਾਰ ਨੇ ਜੋਧਪੁਰ ਦੀ ਜੇਲ੍ਹ ਵਿਚ ਨਜ਼ਰਬੰਦ 375 ਸਿੱਖਾਂ ਦਾ ਦਾ ਮਾਮਲਾ ਵੀ ਕੇਂਦਰ ਕੋਲ ਉਠਾਇਆ।

ਇਸ ਤੋਂ ਪਹਿਲਾਂ ਸ੍ਰੀ ਟੌਹੜਾ ਨੇ ਕਿਹਾ ਕਿ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਮੁਖ ਤੌਰ ਉਤੇ ਪ੍ਰਧਾਨ ਮੰਤਰੀ ਸਿਰ ਹੈ। ਉਨ੍ਹਾਂ ਕਿਹਾ ਕਿ ਸੀ. ਬੀ. ਆਈ. ਵਾਲੇ ਅਜੇ ਵੀ ਸਿੱਖ ਨੌਜਵਾਨਾਂ ਨੂੰ ਪਰੇਸ਼ਾਨ ਕਰ ਰਹੇ ਹਨ। ਇਸ ਕਾਨਫਰੰਸ ਵਿਚ 8 ਮਤੇ ਪਾਸ ਕੀਤੇ ਗਏ ਜਿਨ੍ਹਾਂ ਵਿਚ ਪੰਜਾਬ ਸਮਝੌਤੇ ਦਾ ਸਮਰਥਨ ਕੀਤਾ ਗਿਆ।

ਜੰਮੂ-ਕਸ਼ਮੀਰ ਵਲੋਂ ਛੇ ਸਿੱਖ ਮੁਲਾਜ਼ਮਾਂ ਨੂੰ ਨੌਕਰੀਆਂ ਵਿਚੋਂ ਕੱਢਣ ਦੀ ਨਿਖੇਧੀ ਕੀਤੀ ਗਈ ਅਤੇ ਮਿਸ਼ਰਾ ਕਮਿਸ਼ਨ ਦਾ ਅਧਿਕਾਰ ਖੇਤਰ ਜੰਮੂ-ਕਸ਼ਮੀਰ ਤਕ ਵਧਾਉਣ ਦੀ ਮੰਗ ਕੀਤੀ ਗਈ। ਨੌਕਰੀਆਂ ਅਤੇ ਤਰੱਕੀਆਂ ਦੇ ਮਾਮਲਿਆਂ ਵਿਚ ਰਾਜ ਸਰਕਾਰ ਉਤੇ ਸਿੱਖਾਂ ਨਾਲ ਵਿਤਕਰਾ ਕੀਤੇ ਜਾਣ ਦਾ ਦੋਸ਼ ਲਾਇਆ ਗਿਆ। ਜੰਮੂ ਯੂਨੀਵਰਸਿਟੀ ਵਿਚ ਬਾਬਾ ਫਰੀਦ ਚੇਅਰ ਕਾਇਮ ਕੀਤੇ ਜਾਣ ਅਤੇ ਪਾਕਿ ਕਬਜ਼ੇ ਹੇਠਲੇ ਕਸ਼ਮੀਰ ਵਿਚੋਂ ਆਏ ਸਿੱਖਾਂ ਨੂੰ ਪੱਕੇ ਤੌਰ ਉਤੇ ਵਸਾਏ ਜਾਂਣ ਦੀ ਮੰਗ ਵੀ ਕੀਤੀ ਗਈ।

---

ਮਿਲੇਗਾ ਹਰ ਮੁਹਾਣੇ 'ਤੇ ਖਲੋਤਾ ਹਾਦਸਾ ਤੈਨੂੰ।  
ਮਿਲੇਗਾ ਕਾਫ਼ਿਲੇ ਨੂੰ ਜਾਂ ਲੁਟੀਂਦਾ ਰਹਿ ਨੁਮਾ ਕੋਈ।

ਕਹੇਗਾ ਜੋ ਦਿਨੇ ਨੇਤਾ ਮਿਟਾਵੋ ਵੇਸ਼ਵਾ-ਗਮਨੀ,  
ਸਵੇਂਗਾ ਰਾਤ ਨੂੰ ਬਿਸਤਰ ਤੇ ਉਹਦੇ ਵੇਸ਼ਵਾ ਕੋਈ।

ਸੁਣਾਈ ਰਾਜ-ਭਵਨਾਂ ਵਿਚ ਵੀ ਅੱਜ ਓਸ ਦੀ ਹੋਵੇ,  
ਵਫਾ ਦੀ ਮੂਰਤੀ ਬਣ ਜੋ, ਦੁਆਰੇ ਤੇ ਖੜਾ ਕੋਈ।

# ਨੀਊਕਲੀਅਰ ਸੰਧੀ ਨਵੀਨ ਨਵੀਨਤਾ

ੋਰਾਮ ਸਿੰਘ ਢਿੱਲੋਂ (ਗੋਰਾਇਆ) ਸਰੀ

ਰੂਸੀ ਆਗੂ ਗੋਰਵਾਚੌਫ ਅਤੇ ਅਮਰੀਕਨ ਪ੍ਰਧਾਨ ਰੌਨਲਡ ਰੇਗਨ ਦੀ ਅੰਤਰਰਾਸ਼ਟਰੀ ਪੱਧਰ ਦੀ ਜਨੇਵਵਾ ਵਿਖੇ ਉਘੀ ਦਸੰਬਰ 2, 1985 ਦੀ ਹੋਈ ਮੀਟਿੰਗ, ਭਾਵੇਂ ਦੁਨੀਆਂ ਦੀ ਹੋਣ ਵਾਲੀ, ਲੈਸ੍ਰ ਤੇ ਨੂਕਲੀਅਰ ਹਥਿਆਰਾਂ ਦਵਾਰਾ, ਧਰਮ-ਗਲੋਬ ਤੋਂ ਨਿਰਾ ਇਨਸਾਨ ਹੀ ਨਹੀਂ, ਹਰ ਪ੍ਰਕਾਰ ਦੀ ਜਾਨਦਾਰ ਵਨਾਸਪਤੀ ਆਦਿ ਵੀ ਖਤਮ ਕਰ ਤੇ ਸਵਾਹ ਦੇ ਢੇਰ ਲਾਉਣ ਵਾਲੀ ਲੜਾਈ ਦੇ ਭੈ-ਭੀਤ ਨਕਸ਼ਿਆਂ ਤੋਂ ਨਜਾਤ ਦਵਾ ਸਕਣ ਬਾਰੇ ਤਾਂ ਹਾਲੇ ਕੁਝ ਬਚਨ-ਵਧ ਨਾ ਹੋ ਸਕੀ ਪਰ ਉਪਰੋਕਤ ਦੋਵਾਂ ਮੁਖੀਆਂ ਦਾ ਕੁਝ ਕੁ ਦਿਲਾਂ ਦੀ ਭੜਾਸ ਕੱਢ, ਮੁੜ ਬਠਣ-ਵਿਚਾਰਨ ਦਾ ਟੀਚਾ ਵੀ ਕੁਝ ਚੰਗਾ ਹੀ ਆਖਿਆ ਜਾ ਸਕਦਾ ਹੈ।

ਰੇਗਨ-ਜੁੰਡੀ ਦਾ ਰੂਸੀ ਆਗੂਆਂ ਦੀ ਹਰ ਗਲ ਦੀ ਬੇ-ਭਰੋਸਗੀ ਤੇ ਉਨ੍ਹਾਂ ਦੇ ਦੁਨੀਆਂ ਵਿਚੋਂ ਮਾਰੂ ਹਥਿਆਰਾਂ ਦਾ ਖੁਰਾ-ਖੋਜ ਮਿਟਾ ਅਮਨ ਕਾਇਮ ਕਰਨ ਦੇ ਹਰ ਸੁਝਾਉ ਤੇ ਹਰ ਪੈਂਤੜੇ ਨੂੰ ਝੁਠਿਆਂਵੁਣਾ ਤੇ "ਇਕ ਚਾਲ ਹੈ" ਦੱਸਣਾ, ਅੰਤਰਰਾਸ਼ਟਰੀ ਰਾਜਨੀਤੀ ਨੂੰ ਠੱਠਾ-ਮਖੌਲ ਕਰਨਾ ਹੀ ਆਖਿਆ ਜਾ ਸਕਦਾ ਹੈ, ਜਿਵੇਂ ਅਮਰੀਕਨ ਆਗੂਆਂ ਤੋਂ ਬਿਨਾਂ ਦੁਨੀਆਂ ਦੇ ਸਾਰੇ ਆਗੂ ਝੂਠੇ ਹਨ ਤੇ ਭਰੋਸੇਯੋਗ ਨਹੀਂ।

ਦਸੰਬਰ 20, 85 ਦੇ ਸਨ ਵਿਚ, ਗੋਰਵਾਚੌਫ ਨੇ ਜਿਹੜਾ ਅਗੋਂ ਨੀਊਕਲੀਅਰ ਹਥਿਆਰਾਂ ਦੇ ਤਜਰਬਿਆਂ ਤੇ ਬੈਨ (ਬੰਦਸ਼) ਲਾਉਣ ਦਾ ਸੁਝਾਓ ਪੇਸ਼ ਕੀਤਾ ਸੀ, ਰੇਗਨ-ਜੁੰਡਲੀ ਨੇ ਓਹਨੂੰ ਠੁਕਰਾ ਦਿਤਾ ਹੈ। ਇਹ ਸੁਝਾਓ ਸਨ ਪੇਪਰ ਦੇ ਪੰਨਾ ਏ 7 ਤੇ ਛਪਿਆ ਸੀ, ਭਾਵ ਸਨ ਨੇ ਵੀ ਇਹਨੂੰ ਇਕ ਸਾਧਾਰਨ ਜੇਹੀ ਖਬਰ ਹੀ ਸਮਝਿਆ ਤੇ ਇਹਦੇ ਮੁਕਾਬਲੇ ਮੁਖ-ਪੰਨਿਆਂ ਤੇ "ਫੇਸਟ ਕੈਸ਼ ਲੇਊਰਜ਼ ਸਟੀਰੀਓ ਥੀਵਜ਼" "ਵਿਮਨ ਹਾਈਜੈਕਸ ਹੇਲੀਕਾਪਟਰ" ਆਦਿ ਛਾਪ ਇਨ੍ਹਾਂ ਨੂੰ ਪਹਿਲ ਦਿਤੀ।

ਰੂਸੀਆਂ ਨੇ ਆਪ ਨੀਊਕਲੀਅਰ-ਹ ਹ ਹਥਿਆਰਾਂ ਦੇ ਤਜਰਬੇ ਕਰਨੇ ਪਿਛਲੀ ਜੁਲਾਈ ਬੰਦ ਕਰ ਦਿਤੇ ਹਨ। ਇਹ ਨੋਟ ਕਰਨ ਵਾਲੀ ਗੱਲ ਹੈ ਕਿ ਰੂਸੀਆਂ ਇਸ ਬਾਰੇ ਨਾ ਹੀ ਕੋਈ ਤਜਵੀਜ਼ ਰਖੀ, ਨਾ ਹੀ ਪ੍ਰਣ ਕੀਤਾ, ਨਾ ਹੀ ਪੇਸ਼ਕਸ਼ ਕੀਤੀ ਅਤੇ ਨਾ ਹੀ 'ਤਜਰਬੇ-ਬੰਦ" ਬਾਰੇ ਨਿਰਣਾ ਕੀਤਾ; ਉਨ੍ਹਾਂ ਤੇ ਬੱਸ ਨੀਊਕਲੀਅਰ ਤਜਰਬੇ ਬੰਦ ਹੀ ਕਰ ਦਿਤੇ ਤੇ ਆਪਣੀ ਅਸਲ ਨੀਤੀ ਦਾ ਪ੍ਰਗਟਾਵਾ ਕਰ ਦਿਤਾ।

ਅਮਰੀਕਾ ਨੇ ਰੂਸੀਆਂ ਦੇ ਉਪਰੋਕਤ ਵਿਸ਼ੇਸ਼ ਮਨੁਖਤਾ-ਭਲਾਈ ਦੇ ਚੁਕੇ ਕਦਮ ਦਾ ਕੀ ਹੁੰਗਾਰਾ ਦਿਤਾ? ਅਮਰੀਕਾ ਅਟੁਟ ਤਜਰਬੇ ਕਰੀ ਹੀ ਜਾ ਰਿਹਾ ਹੈ - ਰੂਸੀਆਂ ਦੇ "ਤਜਰਬੇ-ਬੰਦ" ਨੂੰ ਅਮਰੀਕਨ ਮੋਢੋਂ ਚਾੜ੍ਹਕੇ ਇਨਕਾਰ ਕਰਦਿਆਂ ਤੇ ਬਾਜ਼ੀਗਰਾਂ ਦੀ "ਤੋ ਬੀ ਨਾ ਮਾਨੂੰ" ਆਖਦਿਆਂ ਇਹਨੂੰ "ਇਕ ਪ੍ਰਾਪੇਗੰਡਾ ਸਟੰਟ" ਆਖਿਆ ਹੈ ਤੇ ਹੋਣ ਵਾਲੀ ਸਮਿਟ-ਮੀਟਿੰਗ ਵਿਚ ਰੂਸੀਆਂ ਦਾ "ਲਾਹੇਵੰਦ ਉਚੀ ਥਾਂ" ਪ੍ਰਾਪਤ ਕਰਨ ਦੀ ਲੂਮੜੀ ਚਾਲ ਆਖਿਆ ਹੈ। ਅਮਰੀਕਨਾਂ ਇਹ ਵੀ ਆਖਿਆ ਹੈ ਕਿ "ਰੂਸੀਆਂ ਨੂੰ ਨੀਊਕਲੀਅਰ ਤਜਰਬੇ ਬੰਦ ਕਰਨੇ ਪੁਗਦੇ ਹਨ ਕਿਉਂ ਜੋ ਉਹ ਪਹਿਲਾਂ ਹੀ ਸਾਥੋਂ ਮੋਹਰੇ ਹਨ", ਅਤੇ ਇਹ ਉਨ੍ਹਾਂ ਦੇ ਭਿਅੰਕਰ ਝੂਠ ਬੋਲਣ ਦਾ ਇਕ ਨਮੂਨਾ ਹੈ।

ਸਚਾਈ ਇਹ ਹੈ ਕਿ ਦਰਅਸਲ ਅਮਰੀਕਾ ਨੀਊਕਲੀਅਰ ਜਾਣਕਾਰੀ ਪਖੋਂ ਅਜ ਵੀ ਰੂਸ ਨਾਲੋਂ ਮੂਹਰੇ ਹੈ ਤੇ ਪਹਿਲਾਂ ਵੀ ਮੂਹਰੇ ਹੀ ਰਿਹਾ ਹੈ। ਇਸੇ ਦੀ ਪੁਸ਼ਟੀ f ਵਿਚ ਕੁਝ ਉਦਾਹਰਣਾ :—

ਪਹਿਲੇ ਨਿਪੁੰਨ-ਯੁਧ-ਕਲਾ ਨੀਊਕਲੀਅਰ ਹਥਿਆਰ ਯੂਰਪ ਵਿਚ ਅਮਰੀਕਾ ਨੇ 1954 ਵਿਚ ਲਾਏ ਜਦ ਕਿ ਰੂਸੀਆਂ ਨੇ 1957 ਵਿਚ।

ਪਹਿਲੀ ਬੈਲਿਸਟਿਕ ਮਿਸਾਇਲ ਜਿਹੜੀ ਸਬ-ਮਰੀਨ ਦੇ ਲਾਂਚਿੰਗ-ਪੈਡ ਤੋਂ ਦਾਗੀ ਜਾ ਸਕਦੀ ਸੀ, ਅਮਰੀਕਾ ਨੇ 1960 ਵਿਚ ਲਾਈ ਤੇ ਸੋਵੀਅਤਾਂ 1977 ਵਿਚ।

ਪਹਿਲੇ ਬਹੁ-ਪਾਸੀ ਵਾਰ-ਹੈਂਡਜ਼ ਜਿਹੜੇ ਆਪਣੇ ਆਪ, ਧਰਤੀ ਪੁਰ ਲਗੀਆਂ ਮਿਸਾਈਲਾਂ ਦਾ ਨਾਸ਼ ਕਰ ਸਕਦੇ ਸਨ, ਪਹਿਲਾਂ ਅਮਰੀਕਾ ਨੇ 1970 ਵਿਚ ਲਾਏ ਤੇ ਰੂਸ ਨੇ ਉਸ ਤੋਂ ਮਗਰੋਂ 1975 ਵਿਚ ਜਾਕੇ ਲਾਏ।

ਇਹ ਜਾਨਣਾ ਬੜਾ ਜ਼ਰੂਰੀ ਹੈ ਕਿ ਓਹ ਕਿਹੜਾ ਦੇਸ਼ ਹੈ ਜਿਹੜਾ ਨਕੂਲੀਅਰ ਹਥਿਆਰਾਂ ਦੀ ਦੌੜ ਦਾ ਮੋਢੀ ਹੈ? ਮਨੁਖਤਾ ਅਜ ਬੜੇ ਹਨ੍ਹੇਰੇ ਤੇ ਬੜੇ ਡੂੰਘੇ ਨੀਊਕਲੀਅਰ ਹਥਿਆਰ ਦੌੜ-ਭੌ ਦੇ ਕੈਨੀਅਨ (ਖੱਡ-ਖਾਈਆਂ) ਵਿਚੋਂ ਦੀ ਲੰਘ ਰਹੀ ਹੈ ਅਤੇ ਇਹ ਅਮਰੀਕਾ ਹੀ ਹੈ ਜਿਹਨੇ ਏਸ ਡਰਾਊਣੇ ਤੇ ਘਾਤਕ ਰਾਹ ਦੀ ਪੈਰ ਪੈਰ ਤੇ ਸਾਡੀ ਅਗਵਾਈ ਕੀਤੀ ਹੈ।

ਆਉਂਦੀ ਮਾਰਚ ਵਿਚ ਜਦ ਕਿ NORAD ਸੰਧੀ ਨਵਿਆਈ ਜਾਣੀ ਹੈ, ਕੈਨੇਡੀਅਨ ਲੋਕਾਂ ਲਈ ਉਪਰੋਕਤ ਸੰਧੀ ਦੇ ਤਥਾਂ ਬਾਰੇ ਉਸ ਤੋਂ ਪਹਿਲਾਂ ਪਹਿਲਾਂ ਉਸਦੇ ਹਾਣ-ਲਾਭ ਬਾਰੇ ਵਿਚਾਰ ਕਰਨਾ ਬੜਾ ਜ਼ਰੂਰੀ ਹੈ।

ਕੀ ਸਚ ਮੁਚ ਕੈਨੇਡਾ ਦੀ ਰਾਖੀ NORAD ਸੰਧੀ ਵਿਚ ਹੈ? ਜਿਥੇ ਕਿ ਅਸੀਂ ਸਗੋਂ ਤਾਰਾ-ਯੁਧ ਵਿਧੀ ਭਾਈਵਾਲੀ ਕਾਰਨ ਡੂੰਘੇ-ਫਾਥੇ ਸਾਨੂੰ ਪਹਿਲਾਂ ਮਾਰ—ਵਾਰ ਸਹਿਣ ਲਈ ਤਿਆਰ ਹੋਣਾ ਪਵੇਗਾ।

ਜਾਂ ਕੈਨੇਡਾ ਦੀ ਰਾਖੀ ਸਾਡਾ, ਸ਼ੁਧ-ਨਿਰਪਖ-ਨੀਊਕਲੀਅਰ ਦੇਸ਼ ਹੋਣ ਵਿਚ ਵਧੇਰੇ ਹੈ? "ਨੋ, ਧੰਨਵਾਦ - ਨੋ ਮੋਰ ਕਰੂਜ਼-ਮਿਸਾਈਲ ਤਜਰਬੇ ਅਤੇ ਕੈਨੇਡਾ ਦੀ ਧਰਤੀ ਤੇ ਨੋ ਮੋਰ ਨੀਊਕਲੀਅਰ ਸਬ-ਮਰੀਨਾਂ ਆਖਣ ਵਿਚ?

ਜੇ ਅਸੀਂ ਉਪਰਿਆਂ ਵਿਚੋਂ ਦੂਜੀ NORAD ਤੋਂ ਇਨਕਾਰ ਕਰ ਦਿਤਾ ਤਾਂ ਸਾਡੇ ਅਮਨ-ਪਸੰਦੀ ਕਰਤੱਵ ਦੀ ਵਧੇਰੇ ਪੂਰਨਤਾ ਅਤੇ ਸ਼ੋਭਾ ਹੋਵੇਗੀ ਜਿਹਦੀ ਕਿ ਹਾਲੇ ਘਾਟ ਹੈ, ਸੋ ਸਾਡੀ ਕੈਨੇਡੀਅਨਾਂ ਦੀ ਭਲਾਈ NORAD ਦੀ ਨਵੀਨਤਾ ਤੋਂ ਇਨਕਾਰ ਕਰਨ ਵਿਚ ਹੀ ਹੈ।

# ਰੋਪੜ ਜ਼ਿਲੇ 'ਚ ਦੰਗਾ ਪੀੜਤਾਂ ਦੇ ਮੁੜ ਵਸੇਬੇ ਦਾ ਕੰਮ ਜ਼ੋਰਾਂ 'ਤੇ

ਮੋਰਿੰਡਾ — ਜ਼ਿਲਾ ਰੋਪੜ ਵਿਚ ਬਾਹਰੋਂ ਆਏ ਸਿੱਖ ਪਰਿਵਾਰਾਂ ਦੀ ਗਿਣਤੀ ਪੰਜਾਬ ਭਰ ਵਿਚ ਸਭ ਤੋਂ ਜ਼ਿਆਦਾ ਹੈ। ਇਥੇ ਆਏ ਸਿਖ ਪਰਿਵਾਰਾਂ ਦੇ ਮੁੜ ਵਸੇਬੇ ਅਤੇ ਉਨ੍ਹਾਂ ਨੂੰ ਆਰਥਿਕ ਮਦਦ ਲ ਦੇਣ ਦਾ ਕੰਮ ਜ਼ਿਲੇ ਭਰ ਵਿਚ ਆਨੰਦਪੁਰ ਸਾਹਿਬ, ਮੁਹਾਲੀ ਅਤੇ ਰੋਪੜ ਵਿਚ ਕੰਮ ਜੰਗੀ ਪੱਧਰ 'ਤੇ ਚਲ ਰਿਹਾ ਹੈ। ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਬੀਤੇ ਦਿਨ ਚੰਡੀਗੜ੍ਹ ਵਿਖੇ ਰਾਜ ਦੇ ਡਿਪਟੀ ਕਮਿਸ਼ਨਰਾਂ ਤੇ ਹੋਰ ਉਚ ਅਧਿਕਾਰੀਆਂ ਦੀ ਹੰਗਾਮੀ ਮੀਟਿੰਗ ਬੁਲਾਈ ਸੀ। ਇਸ ਵਿਚ ਪੀੜਤ ਪਰਿਵਾਰਾਂ ਨੂੰ ਸਹਾਇਤਾ ਦੇਣ ਦੇ ਕੰਮ ਨੂੰ ਤੇਜ਼ ਅਤੇ ਵਿਉਂਤਵਧ ਕਰਨ ਦਾ ਜਾਇਜ਼ਾ ਵੀ ਲਿਆ।

ਜ਼ਿਲਾ ਰੋਪੜ ਵਿਚ ਨਵੰਬਰ 1984 ਦੌਰਾਨ ਦੰਗਾ ਪੀੜਤ ਪਰਿਵਾਰਾਂ ਦੇ ਮੁੜ ਵਸੇਬੇ ਦੇ ਪਰੋਗਰਾਮ ਅਧੀਨ 135 ਪਰਿਵਾਰਾਂ ਨੂੰ ਇਕ ਲੱਖ 35 ਹਜ਼ਾਰ ਰੁਪਏ ਦੀ ਮਾਲੀ ਮਦਦ ਵੰਡੀ ਜਦੋਂ ਕਿ ਦੰਗਾ ਪੀੜਤ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਉਚੇਰੀ ਵਿਦਿਆ ਦੇਣ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਸ ਮਨੋਰਥ ਲਈ ਸਰਕਾਰ ਵੱਲੋਂ ਇਕ ਲੱਖ ਰੁਪਏ ਦੀ ਰਕਮ ਨਾਲ ਇਕ ਟਰਸਟ ਕਾਇਮ ਕੀਤਾ ਗਿਆ। ਡਿਪਟੀ ਕਮਿਸ਼ਨਰ ਰੋਪੜ ਸ੍ਰੀ ਕੇ. ਡੀ. ਅਰੋੜਾ ਨਹੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੰਗਾ ਪੀੜਤ ਪਰਿਵਾਰ ਦੇ ਨਾਂ ਜ਼ਿਲਾ ਪ੍ਰਸ਼ਾਸਨ ਵਲੋਂ 15 ਜਨਵਰੀ 1986 ਤਕ ਦਰਜ ਕੀਤੇ ਗਏ। ਸ੍ਰੀ ਅਰੋੜਾ ਨੇ ਦੱਸਿਆ ਕਿ ਜਿਨ੍ਹਾਂ ਪਰਵਾਰਾਂ ਨੂੰ ਇਹ ਸ਼ਲਾਖਤੀ ਕਾਰਡ ਜਾਰੀ ਕੀਤੇ ਜਾਣਗੇ, ਉਨ੍ਹਾਂ ਦੀਆਂ ਵਿਧਵਾਵਾਂ ਨੂੰ 250 ਰੁ: ਮਹੀਨਾ ਪੈਨਸ਼ਨ, ਬੈਂਕ ਵਲੋਂ ਪਰਿਵਾਰਾਂ ਦੇ ਰੁਜ਼ਗਾਰ ਦਾ ਇਤਜਾਮ ਅਤੇ ਆਪਣੇ ਕੰਮ ਆਰੰਭ ਕਰਨ ਲਈ ਕਰਜ਼ੇ ਦਿਤੇ ਜਾਣਗੇ।

# ਬਰਨਾਲਾ ਦਿੱਲੀ 'ਚ

ਚੰਡੀਗੜ੍ਹ — ਪੰਜਾਬ ਦੇ ਮੁਖ ਮੰਤਰੀ ਸ੍ਰੀ ਸੁਰਜੀਤ ਸਿੰਘ ਬਰਨਾਲਾ ਹਵਾਈ ਜਹਾਜ਼ ਰਾਹੀਂ ਦਿੱਲੀ ਚਲੇ ਗਏ ਹਨ। ਉਨ੍ਹਾਂ ਦੇ ਦੌਰੇ ਦਾ ਉਦੇਸ਼ ਪਤਾ ਨਹੀਂ ਲਗ ਸਕਿਆ।


BOMBAY SWEETS
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
Delicious Indian food



FRIENDS AUTO BODY & PAINTING LTD.
5605 BYRNE RD. BURNABY, B.C. Burnaby Auto Auction Building
PH. 430-4233

15 Years Exp

- I. C. B. C. JOB
- FREE ESTIMATES
- FREE COURTESY CAR
- RUST REPAIRS
- FIBRE GLASS OR CUT OUT WORK

YOU NEVER KNOW UNLESS YOU TRY
VISIT OR CALL
MR. GURU

# ਵਿਸ਼ੇਸ਼ ਲੇਖ

## ਇਲੈਕਟਰੌਨਿਕ ਵੀਡੀਓ ਗੇਮਜ਼

**ਮਨਜੀਤ ਸਿੰਘ ਰੱਤੂ**

ਅੱਜ ਕੱਲ੍ਹ ਕਈ ਇਲੈਕਟਰੌਨਿਕ ਖੇਡਾਂ ਜਿਵੇਂ ਕਿ ਥਰਿਲਿੰਗ ਵਾਰ ਗੇਮਜ਼, ਬਲਯੂ ਸ਼ਾਕਰ, ਐਕਸਾਈਟਿੰਗ ਸਪੀਡ, ਰੇਸਰ ਅਤੇ ਸਪੇਸ ਇਨਵੈਡਰਜ਼ ਆਦਿ ਕਾਫੀ ਪ੍ਰਚਲਿਤ ਹਨ। ਇਹ ਖੇਡ ਸ਼ਹਿਰਾਂ ਵਿਚ ਕਾਫੀ ਪ੍ਰਚਲਿਤ ਹਨ ਇਹ ਖੇਡਾਂ ਇਕ ਮਸ਼ੀਨ ਤੇ ਖੇਡੀਆਂ ਜਾਂਦੀਆਂ ਹਨ ਜਿਸ ਦੀ ਕੀਮਤ 50 ਹਜ਼ਾਰ ਰੁ: ਹੈ। ਇਨ੍ਹਾਂ ਖੇਡਾਂ ਨਾਲ ਕਾਫੀ ਦਿਲ ਪ੍ਰਚਾਵਾ ਹੁੰਦਾ ਰਹਿੰਦਾ ਹੈ। ਇਹ ਬਹੁਤ ਦਿਲਚਸਪ ਹਨ ਅਤੇ ਦੱਖਣੀ ਦਿੱਲੀ ਵਿਚ ਇਹ ਕਾਫੀ ਪ੍ਰਚਲਿਤ ਹਨ।

ਇਹ ਖੇਡਾਂ ਅਗਸਤ 1979 ਵਿਚ ਭਾਰਤ ਵਿਚ ਪ੍ਰਚਲਤ ਹੋਈਆਂ। ਬੁਸ਼ ਇੰਡੀਆ ਲਿਮਟਿਡ ਨੇ ਇਨ੍ਹਾਂ ਖੇਡਾਂ ਨੂੰ ਬੰਬਈ ਵਿਚ ਕਾਫੀ ਪ੍ਰਚਲਿਤ ਕੀਤਾ ਅਤੇ ਇਨ੍ਹਾਂ ਨੂੰ ਪਬਲਿਕ ਨੇ ਵੀ ਬਹੁਤ ਪਸੰਦ ਕੀਤਾ। ਬੰਬਈ ਤੋਂ ਇਲਾਵਾ ਇਹ ਖੇਡਾਂ ਹੌਲੀ ਹੌਲੀ ਹੋਰ ਸ਼ਹਿਰਾਂ ਵਿਚ ਵੀ ਫੈਲਣ ਲਗ ਪਈਆਂ। ਪੱਛਮੀ ਦੇਸ਼ਾਂ ਤੇ ਜਹਾਨ ਵਿਚ ਵੀ ਇਹ ਖੇਡਾਂ ਕਾਫੀ ਪ੍ਰਚਲਿਤ ਹੋ ਚੁੱਕੀਆਂ ਹਨ। ਇਨ੍ਹਾਂ ਖੇਡਾਂ ਉਪਰੋਕਤ ਵਰਨਣ ਮਸ਼ੀਨਾਂ ਤੇ ਰੈਸਟੋਰੈਂਟ, ਡਿਪਾਰਮੈਂਟ ਸਟੋਰ ਅਤੇ ਪਬਲਿਕ ਥਾਵਾਂ ਹੁੰਦੀਆਂ ਹਨ ਜਿਨ੍ਹਾਂ ਮਸ਼ੀਨਾਂ ਨਾਲ 32 ਵੱਖ ਵੱਖ ਕਿਸਮ ਦੀਆਂ ਖੇਡਾਂ ਖੇਡੀਆਂ ਜਾਂ ਸਕਦੀਆਂ ਹਨ। ਇਨ੍ਹਾਂ ਮਸ਼ੀਨਾਂ ਦੇ 60 ਪ੍ਰਤੀਸ਼ਤ ਤੋਂ ਵੱਧ ਪੁਰਜੇ ਵਿਦੇਸ਼ਾਂ ਤੋਂ ਮੰਗਵਾਏ ਜਾਂਦੇ ਹਨ। ਇਨ੍ਹਾਂ ਮਸ਼ੀਨਾਂ ਦੀ ਕੀਮਤ ਵੱਖ ਵੱਖ ਖੇਡਾਂ ਦੇ ਅਧਾਰ ਤੇ ਤੀਹ ਹਜ਼ਾਰ ਰੁ: ਤੋਂ ਲੈ ਕੇ ਸੱਠ ਹਜ਼ਾਰ ਰੁ: ਤੱਕ ਵੀ ਹੁੰਦੀ ਹੈ। ਬੰਗਲੌਰ ਵਿਚ ਇਸ ਤਰ੍ਹਾਂ ਦੀਆਂ ਖੇਡਾਂ ਨੂੰ ਪ੍ਰਚਲਤ ਕਰਨ ਲਈ ਮਸ਼ੀਨ ਬਣਾਉਣ ਦਾ ਖਿਆਲ ਮਿਸਟਰ ਸਲਿਵ ਗਰੀਨ ਵੁੱਡ ਅਤੇ ਸ੍ਰੀ ਐਮ. ਜੈਕੋਬੀ ਨੂੰ ਆਇਆ।

ਉਨ੍ਹਾਂ ਗਲਡਨ ਕਾਰਨ ਮੈਨੂਫੈਕਚਰਿੰਗ ਕੰਪਨੀ ਦੇ ਨਾਂ ਹੇਠ ਅਮਰੀਕਾ ਤੋਂ ਇਸ ਮਸ਼ੀਨ ਦੇ ਪੁਰਜੇ ਤੇ ਸਰਕਟ ਆਦਿ ਇਕੱਠੇ ਕੀਤੇ। ਉਨ੍ਹਾਂ 19 ਹਜ਼ਾਰ ਰੁਪਏ ਲਾਗਤ ਨਾਲ ਮਸ਼ੀਨ ਬਣਾਈ ਇਹ ਮਸ਼ੀਨਾਂ ਹੋਟਲਾਂ, ਰੈਸਟੋਰੈਂਟਾਂ ਅਤੇ ਥੀਏਟਰਾਂ ਵਿਚ ਉਨ੍ਹਾਂ ਨੇ ਕਿਰਾਏ ਤੇ ਦੇਣੀਆਂ ਸ਼ੁਰੂ ਕਰ ਦਿੱਤੀਆਂ। ਬੁਸ਼ ਇੰਡੀਆ ਨਾਂ ਦੀ ਕੰਪਨੀ ਨੇ ਇਨ੍ਹਾਂ ਮਸ਼ੀਨਾਂ ਨੂੰ ਬਣਾਉਣ ਵਿਚ ਪ੍ਰਸਿਧਤਾ ਪ੍ਰਾਪਤ ਕਰ ਲਈ। 1980 ਵਿਚ ਕਲਕੱਤਾ ਵੀ ਇਸ ਖੇਡ ਵਿਚ ਸ਼ਾਮਲ ਹੋ ਗਿਆ ਅਰਥਾਤ ਕਲਕੱਤੇ ਵਿਚ ਵੀ ਅਜਿਹੀਆਂ ਮਸ਼ੀਨਾਂ ਬਣਨੀਆਂ ਸ਼ੁਰੂ ਹੋ ਗਈਆਂ। ਇਨ੍ਹਾਂ ਮਸ਼ੀਨਾਂ ਵੈਸਟਨ ਇਲੈਕਟਰੌਨਿਕ ਪ੍ਰਾਈਵੇਟ ਲਿਮਟਿਡ ਅਤੇ ਕ੍ਰਿਸਨਜ਼ ਪ੍ਰਾਈਵੇਟ ਲਿਮਟਿਡ ਆਦਿ ਵੀ ਬਣਾਉਣ ਲਗ ਪਈਆਂ। ਇਸ ਦਾ ਨਤੀਜਾ ਇਹ ਹੋਇਆ ਕਿ ਜ਼ਿਆਦਾ ਮਸ਼ੀਨ ਬਣਨ ਨਾਲ ਇਨਾਂ ਦੀ ਕੀਮਤ ਵਿਚ ਵੀ ਕਮੀ ਆਉਣੀ ਸ਼ੁਰੂ ਹੋ ਗਈ। ਇਨ੍ਹਾਂ ਮਸ਼ੀਨਾਂ ਦੁਆਰਾ ਖੇਡਾਂ ਖੇਡਣ ਲਈ ਬੰਬਈ ਤੇ ਬੰਗਲੌਰ ਵਿਚ ਖੁਲ੍ਹੇ ਥਾਂ ਦੀ ਘਾਟ ਹੈ, ਜਦੋਂ ਕਿ ਦਿੱਲੀ ਵਿਚ ਅਜਿਹੀ ਸਮੱਸਿਆ ਨਹੀਂ ਹੈ। ਫੈਨ ਟੈਸੀਆਂ ਦੇ ਪਾਰਟਨਰ ਸ੍ਰੀ ਰਾਕੇਸ਼ ਖੰਨਾ ਅਨੁਸਾਰ ਕਈ ਸ਼ਹਿਰਾਂ ਵਿਚ ਤਾਂ ਥਾਂ ਦੀ ਵੀ ਕੋਈ ਸਮੱਸਿਆ ਨਹੀਂ ਹੁੰਦੀ। ਇਹ ਖੇਡ ਖੇਡਣ ਲਈ ਸ਼ਹਿਰਾਂ ਵਿਚ ਦਸ ਤੋਂ ਵੱਧ ਮਸ਼ੀਨਾ ਰੱਖਣ ਦੀ ਥਾਂ ਹੋਣੀ ਚਾਹੀਦੀ ਹੈ।



ਇਹ ਖੇਡਾਂ ਬਹੁਤ ਸਾਦੀਆਂ ਹਨ। ਇਸ ਖੇਡ ਨੂੰ ਖੇਡਣ ਸਮੇਂ ਬਿਨਾਂ ਸੋਚੇ ਸਮਝੇ ਇਕ ਜਾਂ ਦੋ ਸਿੱਕੇ ਮਸ਼ੀਨ ਦੇ ਇਕ ਹਿਸੇ ਵਿਚ ਪਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਹਿਲਜੁਲ ਜਾਂ ਪ੍ਰਤਿਕਿਰਿਆ ਮਸ਼ੀਨ ਦੇ ਸਕਰੀਨ ਤੇ ਦੇਖਣੀ ਚਾਹੀਦੀ ਹੈ। ਇਸ ਸਮੇਂ ਲਾਟੂਆਂ ਜਾਂ ਨਾਬਜ਼ ਨੂੰ ਕੰਟਰੋਲ ਵਿਚ ਰਖਣਾ ਚਾਹੀਦਾ ਹੈ। ਇਹ ਖੇਡ ਦੁਆਰਾ ਮਸ਼ੀਨਾਂ ਵਾਲੇ 1500 ਰੁ: ਤੋਂ ਲੈ ਕੇ 3000 ਰੁ: ਰੋਜ਼ਾਨਾ ਵੀ ਕਮਾ ਲੈਂਦੇ ਹਨ। ਫਨਟੈਸੀਆਂ ਨੇ ਪਹਿਲੇ ਹੀ ਦਿਨ 3000 ਰੁ: ਕਮਾ ਲਏ।

ਲਾਜਪਤ ਨਗਰ ਵਿਚ ਮੌਜੂਦ ਆਰਕੇਡ ਦੇ ਮਾਲਕਾਂ ਦਾ ਕਹਿਣਾ ਹੈ ਕਿ ਕਈ ਖਿਡਾਰੀ ਹਰ ਰੋਜ਼ ਇਥੇ ਆ ਖੇਡਦੇ ਹਨ ਅਤੇ ਰੋਜ਼ 20 ਤੋਂ 25 ਰੁ: ਖਰਚਦੇ ਹਨ। ਇਥੇ ਤਾਂ ਹਰ ਰੋਜ਼ ਭੀੜ ਲੱਗੀ ਰਹਿੰਦੀ ਹੈ। ਇਹ ਖੇਡਾਂ ਇਸ ਤਰ੍ਹਾਂ ਪਰਿਵਾਰ ਦਾ ਦਿਲ ਪਰਚਾਵਾ ਕਰਦੀਆਂ ਹਨ। ਇਨ੍ਹਾਂ ਖੇਡਾਂ ਵਿਚ ਨੌਜਵਾਨ ਵਿਅਕਤੀ ਅਤੇ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ ਜ਼ਿਆਦਾ ਉਤਸ਼ਾਹ ਨਾਲ ਭਾਗ ਲੈਂਦੇ ਹਨ। ਇਨ੍ਹਾਂ ਖੇਡਾਂ ਵਿਚ ਲੜਕੇ ਆਪਣੀਆਂ ਪ੍ਰੇਮਿਕਾਵਾਂ ਨਾਲ ਭਾਗ ਲੈਂਦੇ ਹਨ। ਬੁਢੇ ਵਿਅਕਤੀ ਵੀ ਇਨ੍ਹਾਂ ਵਿਚ ਉਤਸ਼ਾਹਿਤ ਹੋ ਕੇ ਭਾਗ ਲੈਂਦੇ ਹਨ।

ਜਿਥੇ ਇਨ੍ਹਾਂ ਖੇਡਾਂ ਦੀ ਲੋਕ ਪ੍ਰਿਯਾਤ ਵਧ ਰਹੀ ਹੈ ਉਥੇ ਇਨ੍ਹਾਂ ਮਸ਼ੀਨਾਂ ਦੇ ਮਾਲਕਾਂ ਨੂੰ ਪਰੇਸ਼ਾਨੀਆਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਬੰਬਈ ਵਿਚ ਇਕ ਅਜਿਹੀ ਮਸ਼ੀਨ ਦੇ ਮਾਲਕ ਨੂੰ ਕੋਰਟ ਨੋਟਿਸ ਮਿਲਿਆ। ਇਕ ਸਥਾਨਕ ਸਕੂਲ ਦੇ ਅਧਿਆਪਕ ਨੇ ਅਦਾਲਤਾਂ ਵਿਚ ਦਰਖਾਸਤ ਕੀਤੀ ਸੀ ਕਿ ਬੱਚੇ ਪੜ੍ਹ ਦੀ ਬਜਾਏ ਇਨ੍ਹਾਂ ਖੇਡਾਂ ਵੱਲ ਜ਼ਿਆਦਾ ਧਿਆਨ ਦਿੰਦੇ ਹਨ ਅਤੇ ਕਲਾਸਾਂ ਵਿਚੋਂ ਗੈਰ ਹਾਜ਼ਰ ਰਹਿੰਦੇ ਹਨ।

ਇਸ ਤੋਂ ਉਪਰੰਤ ਕਈ ਵਿਅਕਤੀ ਇਨ੍ਹਾਂ ਖੇਡਾਂ ਨੂੰ ਪਸੰਦ ਵੀ ਨਹੀਂ ਕਰਦੇ ਹਨ। ਇਸ ਵਿਦਿਆਰਥੀ ਦਾ ਕਹਿਣਾ ਹੈ ਕਿ ਇਹ ਖੇਡਾਂ ਮਨ ਨੂੰ ਅਕਾ ਦਿੰਦੀਆਂ ਹਨ।

ਕਈ ਮਸ਼ੀਨਾਂ ਦੇ ਮਾਲਕ ਤਾਂ ਰੋਜ਼ 800 ਜਾਂ 1000 ਰੁ: ਪ੍ਰਤੀ ਦਿਨ ਕਮਾ ਲੈਂਦੇ ਹਨ ਪ੍ਰੰਤੂ ਦੂਜੇ ਪਾਸੇ ਇਨ੍ਹਾਂ ਮਸ਼ੀਨਾਂ ਦੇ ਛੋਟੇ ਮਾਲਕ 400 ਤੋਂ 600 ਰੁ: ਵੀ ਕਮਾਉਂਦੇ ਹਨ। ਕਈ ਦਾ ਤਾਂ ਇਹ ਵੀ ਕਹਿਣਾ ਹੈ ਕਿ ਅਸੀਂ ਜੋ ਰੁਪਿਆ ਕਮਾਉਂਦੇ ਹਾਂ ਉਸ ਨਾਲ ਤਾਂ ਮਸ਼ੀਨਾਂ ਦਾ ਕਿਰਾਇਆ ਹੀ ਮੁਸ਼ਕਲ ਨਾਲ ਹੀ ਪੂਰਾ ਹੁੰਦਾ ਹੈ।

ਇਹ ਖੇਡਾਂ ਦਿਲ ਪਰਚਾਵੇ ਦਾ ਇਕ ਸਾਧਨ ਹਨ। ਬਾਹਰਲੇ ਦੇਸ਼ਾਂ ਵਿਚ ਲੋਕ ਇਹ ਖੇਡਾਂ ਜੂਏ ਦੇ ਉਦੇਸ਼ ਨਾਲ ਖੇਡਦੇ ਹਨ। ਇਹ ਮਸ਼ੀਨਾਂ ਅੰਮ੍ਰਿਤਸਰ ਲੁਧਿਆਣਾ, ਚੰਡੀਗੜ੍ਹ ਤੇ ਜਲੰਧਰ ਵਿਚ ਵੀ ਆਉਣੀਆਂ ਸ਼ੁਰੂ ਹੋ ਗਈਆਂ ਹਨ।

ਇਹ ਖੇਡਾਂ ਖੇਡਦੇ ਸਮੇਂ ਖਿਡਾਰੀ ਇਕ ਜਾਂ ਦੋ ਸਿੱਕੇ ਸਲਿਪ ਦੁਆਰਾ ਮਸ਼ੀਨ ਦੇ ਕਿਸੇ ਪੁਰਜੇ ਵਿਚ ਸੁੱਟਦਾ ਹੈ ਅਤੇ ਇਸ ਦੀ ਪ੍ਰਤੀਕ੍ਰਿਆ ਉਹ ਮਸ਼ੀਨ ਦੇ ਸਕਰੀਨ ਤੇ ਦੇਖ ਸਕਦਾ ਹੈ। ਕਈ ਵਾਰ ਤਾਂ ਇਨ੍ਹਾਂ ਮਸ਼ੀਨਾਂ ਦੁਆਰਾ ਦਿਲਚਸਪ ਤੇ ਹਲਕੀਆਂ ਖੇਡਾਂ ਵੀ ਖੇਡੀਆਂ ਜਾਂਦੀਆਂ ਹਨ। ਇਨ੍ਹਾਂ ਖੇਡਾਂ ਵਿਚ ਹਾਕੀ ਤੋਂ ਕ੍ਰਿਕਟ ਵੀ ਸ਼ਾਮਲ ਹਨ। ਇਨ੍ਹਾਂ ਖੇਡਾਂ ਨੂੰ ਖੇਡਦੇ ਸਮੇਂ ਖਿਡਾਰੀ ਨੂੰ ਫੀਸ ਦੇਣੀ ਪੈਂਦੀ ਹੈ। ਜਿਥੇ ਇਹ ਖੇਡ ਦਿਲ-ਪਰਚਾਵੇ ਦਾ ਸਾਧਨ ਹਨ ਉਥੇ ਦੁਆਰਾ ਧਨ ਦੀ ਬਰਬਾਦੀ ਵੀ ਹੁੰਦੀ ਹੈ।


**SUKHI CONSTRUCTIONS**

**FOR ALL KINDS OF CONSTRUCTION JOBS**

- BASEMENT SUITES
- SUNDECKS
- GARAGES
- FRAMING
- PLUMBING
- ELECTRICAL
- COMPLETE DRY WALL SERVICE



Repairs to small jobs accepted

Reasonable rates **Free Estimate**

**CONTACT:**

**SUKHI**

**Ph. 590-1567**



# ਕੀ ਇੰਮੀਗਰੇਸ਼ਨ ਦਾ ਮਸਲਾ ਹੈ ?

ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ

- ਰਿਸਤੇਦਾਰਾਂ ਨੂੰ ਕੈਨੇਡਾ ਜਾਂ ਯੂ. ਐਸ. ਏ. ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ, ਅਮਰੀਕਾ ਯਾ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ। ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸਤੇਦਾਰ ਦੇ ਬਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ,ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘਟ ਹੋਵੇ ਤੇ ਵਿਆਹ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਜਾਂ ਯੂ. ਐਸ. ਏ. ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸਤੇਦਾਰ ਦੀ ਚਿਠੀ ਭਰੀ ਹੈ ਤਾ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।



ਮਲਕੀਤ ਸਿੰਘ ਪਰਹਾਰ

ਹੋਰ ਜਾਣਕਾਰੀ ਲਈ ਮਿਲੋ

ਜਾਂ ਫੂਨ ਕਰੋ

**ਮਲਕੀਤ ਸਿੰਘ ਪਰਹਾਰ**

**ਨਵਾਂ ਫੋਨ:**

**OFF.(604)733-1644**

**Res. 228- 0452**

**Malkit Singh Parhar**
#201-1275 W. 6th Avenue,
Vancouver, B.C. V6H1A6

- ਬਿਜਨਸ ਤੌਰ ਤੇ ਕੈਨੇਡਾ ਜਾਂ ਯੂ. ਐਸ. ਏ. ਦੀ ਇੰਮੀਗਰੇਸ਼ਨ ਲੈਣੀ ਹੋਵੇ।
- ਸਟੂਡਿੰਟ ਵੀਜੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।
- ਜੇਕਰ ਤੁਸ਼ੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਤੋਂ ਡਾਇਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਇਵੋਰਸ ਲੈ ਸਕਦੇ ਹੋ।
- ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨ੍ਹਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੌਰਗੇਜ਼ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ। ਤੁਸੀਂ ਪ੍ਰਾਪਰਟੀ ਜਾਂ ਬਿਜਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿਦਾਂ ਪੈਸੇ ਲੈ ਸਕਦੇ ਹੋ।
- ਜੇ ਤੁਸੀਂ ਵਸੀਅਤ ਖਿਆਲ ਨਾਲ ਨਹੀਂ ਬਨਾਉਂਦੇ ਅਤੇ ਤੁਹਾਡੇ ਮਗਰਲੇ ਰਿਸ਼ਤੇਦਾਰਾਂ ਨੂੰ ਮਗਰੋਂ ਬਹੁਤ ਹੀ ਤਕਲੀਫਾਂ ਆ ਸਕਦੀਆ ਹਨ ਤਾਂ ਗੌਰਮਿੰਟ ਉਸਦੇ ਵਿਚੋਂ ਬਹੁਤ ਹੀ ਟੈਕਸ ਲੈ ਜਾਂਦੀ ਹੈ। ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਸਹੀ ਵਸੀਅਤ ਸਮੇਂ ਦੇ ਅਨੁਸਾਰ, ਵੱਖ-ਵੱਖ ਕਿਸਮਾਂ ਦੀ ਕਿਵੇਂ ਬਣਾਈ ਜਾ ਸਕਦੀ ਹੈ।

*World-Wide Immigration To Canada and U.S.A. Ltd.*

# ਪਾਕਿ ਵਿਚ ਵਿਦੇਸ਼ੀ ਅੱਡੇ ਨਹੀਂ ਬਣਨਗੇ

ਇਸਲਾਮਾਬਾਦ — ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ ਨੇ ਕਿਹਾ ਹੈ ਕਿ ਪਾਕਿਸਤਾਨ ਕਿਸੇ ਵੀ ਦੇਸ਼ ਨੂੰ ਆਪਣੀ ਭੂਮੀ ਉਤੇ ਫੌਜੀ ਅੱਡੇ ਬਣਾਉਣ ਦੀ ਇਜਾਜ਼ਤ ਨਹੀਂ ਦੇਵੇਗਾ। ਉਨ੍ਹਾਂ ਕਿਹਾ ਕਿ ਪਾਕਿ ਵਿਚ ਅਮਰੀਕਾ ਨੂੰ ਫੌਜੀ ਅੱਡਿਆਂ ਦੀ ਪ੍ਰਵਾਨਗੀ ਬਾਰੇ ਜੋ ਖਬਰਾਂ ਛਪ ਰਹੀਆਂ ਹਨ ਉਹ ਸਹੀ ਨਹੀਂ ਹਨ ਅਤੇ ਸਚਾਈ ਤੋਂ ਕੋਹਾਂ ਦੂਰ ਹਨ।

ਇਰਾਨੀ ਸਮਾਚਾਰ ਏਜੰਸੀ ਅਤੇ ਟ੦ਲੀਵੀਜ਼ਨ ਨੂੰ ਦਿਤੀ ਗਈ ਇੰਟਰਵੀਊ ਵਿਚ ਜਨਰਲ ਜ਼ਿਆ ਨੇ ਕਿਹਾ ਕਿ ਅਫਗਾਨਿਸਤਾਨ ਵਿਚੋਂ ਰੂਸੀ ਫੌਜਾਂ ਕੱਢੀਆਂ ਜਾਣੀਆਂ ਚਾਹੀਦੀਆਂ ਹਨ। ਉਥੇ ਕਾਰਮਲ ਸਰਕਾਰ ਦਾ ਵੀ ਖਾਤਮਾ ਕੀਤਾ ਜਾਣਾ ਚਾਹੀਦਾ ਹੈ ਅਤੇ ਅਫਗਾਨ ਲੋਕਾਂ ਨੂੰ ਆਪਣੇ ਕਿਸਮਤ ਦਾ ਫੈਸਲਾ ਆਪ ਕਰਨ ਦਿਤਾ ਜਾਣਾ ਚਾਹੀਦਾ ਹੈ।

ਇਰਾਨ-ਇਰਾਕ ਲੜਾਈ ਦਾ ਜ਼ਿਕਰ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਇਰਾਨ ਨੂੰ ਵੱਡਾ ਜਿਗਰਾ ਵਿਖਾਉਣਾਹ ਚਾਹੀਦਾ ਹੈ ਅਤੇ ਲੜਾਈਬੰਦੀ ਵਲ ਪਹਿਲ ਕਰਨੀ ਚਾਹੀਦੀ ਹੈ।

ਜਨਰਲ ਜ਼ਿਆ ਨੇ ਕਿਹਾ ਕਿ ਇਸ ਵੇਲੇ ਸਵਾਲ ਇਹ ਨਹੀਂ ਕਿ ਲੜਾਈ ਕਿਸ ਧਿਰ ਵਲੋਂ ਸ਼ੁਰੂ ਕੀਤੀ ਗਈ ਸਗੋਂ ਇਸ ਨੂੰ ਬੰਦ ਕਰਾਉਣ ਦਾ ਹੈ। ਉਨ੍ਹਾਂ ਕਿਹਾ ਕਿ ਇਕ ਸਮਾਂ ਆਏਗਾ ਜਦੋਂ ਇਹ ਕਿਹਾ ਜਾ ਸਕੇਗਾ ਕਿ ਲੜਾਈ ਸ਼ੁਰੂ ਕਰਨ ਲਈ ਫਲਾਣੀ ਧਿਰ ਜ਼ਿੰਮੇਵਾਰ ਹੈ ਅਤੇ ਉਸ ਨੂੰ ਇਹ ਸਜ਼ਾ ਦਿਤੀ ਜਾਣੀ ਚਾਹੀਦੀ ਹੈ।

ਭਾਰਤ ਨਾਲ ਸੰਬੰਧਾਂ ਦਾ ਜ਼ਿਕਰ ਕਰਦਿਆਂ ਜਨਰਲ ਜ਼ਿਆ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੇ ਸਬੰਧ ਬੜੀ ਤੇਜ਼ੀ ਨਾਲ ਸੁਧਰ ਰਹੇ ਹਨ ਅਤੇ ਉਹ ਦਿਨ ਦੂਰ ਨਹੀਂ ਜਦੋਂ ਦੋਵੇਂ ਦੇਸ਼ ਇਕ ਦੂਜੇ ਵਿਰੁੱਧ ਤਾਕਤ ਦੀ ਵਰਤੋਂ ਨਾ ਕਰਨ ਦੇ ਸਵਾਲ ਉਤੇ ਸਹਿਮਤ ਹੋ ਜਾਣਗੇ ਅਤੇਹੈ 'ਯੁੱਧ ਨਾ ਕਰੋ' ਸੰਧੀ ਹੋ ਜਾਵੇਗੀ।

ਇਰਾਨ ਦੇ ਰਾਸ਼ਟਰਪਤੀ ਸ੍ਰੀ ਖਮੀਨੀ ਨੇ ਵੀ ਆਸ ਪ੍ਰਗਟ ਕੀਤੀ ਹੈ ਕਿ ਜਨਰਲ ਜ਼ਿਆ ਦੇ ਇਸ ਦੌਰੇ ਨਾਲ ਦੋਵਾਂ ਦੇਸ਼ਾਂ ਵਿਚਕਾਰ ਸਬੰਧਾਂ ਵਿਚ ਜ਼ਰੂਰ ਹੀ ਸੁਧਾਰ ਆਵੇਗਾ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਸਲਾਮੀ ਦੇਸ਼ ਖਾੜੀ ਦੀ ਜੰਗ ਬੰਦ ਕਰਾਉਣ ਲਈ ਚੰਗਾ ਅਤੇ ਉਸਾਰੂ ਰੋਲ ਅਦਾ ਕਰਨਗੇ।

ਪਾਕਿਸਤਾਨ ਦੇ ਰਾਸ਼ਟਰਪਤੀ ਨੇ ਇਰਾਨ ਵਿਚ ਇਸਲਾਮੀ ਕ੍ਰਾਂਤੀ ਲਈ ਇਰਾਨ ਸਰਕਾਰ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਦੋਵਾਂ ਧੜਿਆਂ ਤੋਂ ਨਿਰਪੱਖ ਰਹਿ ਕੇ ਇਰਾਨ ਨੇ ਆਪਣੀ ਵੱਖਰੀ ਹੋਂਦ ਦਾ ਸਬੂਤ ਦਿੱਤਾ ਹੈ।

ਉਧਰ ਵਾਸ਼ਿੰਗਟਨ ਪ*ਸਟ ਨੇ ਖਬਰ ਦਿਤੀ ਹੈ ਕਿ ਪਾਕਿਸਤਾਨ ਨੇ ਪ੍ਰਮਾਣੂ ਬੰਬ ਦਾ ਡਿਜ਼ਾਈਨ ਤਿਆਰ ਕਰ ਲਿਆ ਹੈ। ਅਖਬਾਰ ਅਨੁਸਾਰ ਚੀਨੀ ਮਾਹਿਰਾਂ ਨੇ ਇਹ ਪੁਸ਼ਟੀ ਕਰ ਦਿਤੀ ਹੈ ਕਿ ਪਾਕਿਸਤਾਨ ਬੰਬ ਤਿਆਰ ਕਰਨ ਦੀ ਸਥਿਤੀ ਵਿਚ ਹੋ ਗਿਆ ਹੈ।

ਸਮਾਚਾਰ ਪੱਤਰ ਅਨੁਸਾਰ ਪਾਕਿਸਤਾਨੀ ਸਾਇੰਸਦਾਨਾਂ ਨੇ 1982/83 ਵਿਚ ਹੀ ਇਹ ਡਜ਼ਾਈਨ ਚੀਨੀ ਵਿਗਿਆਨੀਆਂ ਨੂੰ ਗੁਪਤ ਰੂਪ ਵਿਚ ਵਿਖਾ ਦਿਤਾ ਸੀ।

# "ਰਸਤਾ ਰੋਕੋ" ਦੀ ਰੂਪ ਰੇਖਾ ਤਿਆਰ

ਸਿਰਸਾ — ਸਥਾਨਕ ਜਨਤਾ ਭਵਨ ਵਿਚ ਹਰਿਆਣਾ ਲੋਕ ਦਲ ਦੇ ਆਗੂਆਂ ਦੀ ਇਕ ਮੀਟਿੰਗ ਹੋਈ ਜਿਸ ਵਿਚ ਹਰਿਆਣਾ ਸੰਘਰਸ਼ ਸੰਮਤੀ ਦੇ ਉਪ ਪ੍ਰਧਾਨ ਵਰਿੰਦਰ ਸਿੰਘ, ਰਾਜ ਸਭਾ ਮੈਂਬਰ ਸੁਸ਼ੀਲ ਮਹੰਤਾ, ਪ੍ਰੋ: ਸੰਪਤ ਸਿੰਘ, ਚੌਧਰੀ ਭਾਗੀ ਰਾਮ ਤੇ ਹੋਰ ਆਗੂ ਸ਼ਾਮਲ ਹੋਏ। ਮੀਟਿੰਗ ਨੇ 23 ਜਨਵਰੀ ਦੇ "ਰਸਤਾ ਰੋਕੋ" ਪਰੋਗਰਾਮ ਦੀ ਰੂਪ-ਰੇਖਾ ਤਿਆਰ ਕੀਤੀ। ਬਾਅਦ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੌਧਰੀ ਵਰਿੰਦਰ ਸਿੰਘ ਨੇ ਦਾਅਵਾ ਕੀਤਾ ਕਿ ਨਿਆਂ ਯਾਤਰਾ ਤੋਂ ਪਿਛੋਂ ਹਰਿਆਣਾਂ ਦੇ ਲੋਕਾਂ ਵਿਚ ਰਾਜ ਦੇ ਹਿਤਾਂ ਬਾਰੇ ਜਾਗ੍ਰਤੀ ਪੈਦਾ ਹੋਈ ਹੈ। ਉਨ੍ਹਾਂ ਨੇ ਆਸ ਪ੍ਰਗਟ ਕੀਤੀ ਕਿ 23 ਜਨਵਰੀ ਦੇ "ਰਸਤਾ ਰੋਕੋ" ਦੌਰਾਨ ਸੜਕਾਂ 'ਤੇ ਆਵਾਜਾਈ ਪੂਰੀ ਤਰ੍ਹਾਂ ਠੱਪ ਰਹੇਗੀ।

ਉਨ੍ਹਾਂ ਦੱਸਿਆ ਕਿ ਜਦੋਂ ਤਕ ਪੰਜਾਬ ਸਮਝੌਤੇ ਵਿਚੋਂ ਦੋ ਧਾਰਾਵਾਂ 7 ਤੇ 9 ਖਾਰਜ ਨਹੀਂ ਕੀਤੀਆਂ ਜਾਂਦੀਆਂ, ਸੰਘਰਸ਼ ਸੰਮਤੀ ਆਪਣਾ ਅੰਦੋਲਨ ਜਾਰੀ ਰਖੇਗੀ। ਉਨ੍ਹਾਂ ਨੇ ਮੁਖ ਮੰਤਰੀ ਭਜਨ ਲਾਲ 'ਤੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਕੁਰਸੀ ਨਾਲ ਮੋਹ ਹੈ ਅਤੇ ਇਸੇ ਮੋਹ ਕਾਰਨ ਉਹ ਬੇਤੁਕੀ-ਬਿਆਨਬਾਜ਼ੀ ਕਰ ਰਹੇ ਹਨ।

ਹਨੇਰਾ ਇਸ ਕਦਰ ਵਧਿਆ ਦਿਸੇ ਨਾ ਹੁਣ ਦਿਸ਼ਾ ਕੋਈ।
ਤਦੇ ਹੀ ਲਗਦਾ ਨਾ ਯਾਰੋ ਸਿਰੇ ਹੁਣ ਕਾਫ਼ਿਲਾ ਕੋਈ।

# ਯੂ. ਟੀ. ਮੁਲਾਜ਼ਮ ਹਰਿਆਣਾ ਤੇ ਪੰਜਾਬ 'ਚ ਵੰਡੇ ਜਾਣਗੇ

ਚੰਡੀਗੜ੍ਹ — ਚੰਡੀਗੜ੍ਹ ਦੇ ਬਦਲੇ ਹਰਿਆਣਾ ਨੂੰ ਪੰਜਾਬ ਦੇ ਜਿੰਨੇ ਵੱਧ ਪਿੰਡ ਦਿਤੇ ਜਾਣਗੇ, ਉਸੇ ਅਨੁਪਾਤ ਨਾਲ ਚੰਡੀਗੜ੍ਹ ਪ੍ਰਸ਼ਾਸਨ ਦੇ ਯੂ. ਟੀ. ਕੇਡਰ ਦੇ ਕਰਮਚਾਰੀ ਹਰਿਆਣਾਂ ਨੂੰ ਦਿਤੇ ਜਾਣਗੇ। ਪੰਜਾਬ ਸਰਕਾਰ ਨੇ ਪਹਿਲਾਂ ਚੰਡੀਗੜ੍ਹ ਦੇ ਬਦਲੇ ਹਰਿਆਣਾ ਨੂੰ ਜ਼ਿਲਾ ਪਟਿਆਲਾ ਦੇ 13 ਪਿੰਡਾਂ ਦੀ ਪੇਸ਼ਕਸ਼ ਕੀਤੀ ਸੀ। ਜਾਣਕਾਰ ਹਲਕਿਆਂ ਤੋਂ ਪਤਾ ਲੱਗਿਆ ਹੈ ਕਿ ਦਿੱਲੀ ਵਿਚ ਚੰਡੀਗੜ੍ਹ ਨੂੰ 26 ਜਨਵਰੀ ਨੂੰ ਪੰਜਾਬ ਦੇ ਹਵਾਲੇ ਕਰ ਦੇਣ ਬਾਰੇ ਕੇਂਦਰ ਸਰਕਾਰ ਦੀ ਪੰਜਾਬ ਤੇ ਹਰਿਆਣਾਂ ਦੇ ਪ੍ਰਤੀਨਿਧਾਂ ਨਾਲ ਜਿਹੜੀ ਗੱਲਬਾਤ ਚੱਲ ਰਹੀ ਹੈ ਉਸ ਅਨੁਸਾਰ ਹਰਿਆਣਾ ਨੂੰ ਜ਼ਿਲਾ ਪਟਿਆਲਾ ਦੇ ਲਗਭਗ 40 ਪਿੰਡ ਦਿਤੇ ਜਾਣ ਦੀ ਸੰਭਾਵਨਾ ਹੈ।

ਜੇਕਰ ਹਰਿਆਣਾ ਨੂੰ ਚੰਡੀਗੜ੍ਹ ਦੇ ਬਦਲੇ 40 ਪਿੰਡ ਦਿਤੇ ਗਏ ਤਾਂ ਇਨ੍ਹਾਂ ਪਿੰਡਾਂ ਦੇ ਖੇਤਰ ਦੇ ਅਨੁਪਾਤ ਅਨੁਸਾਰ ਚੰਡੀਗੜ੍ਹ ਪ੍ਰਸ਼ਾਸਨ ਦੇ ਯੂ. ਟੀ. ਕੇਡਰ ਦੇ ਕਰਮਚਾਰੀ ਵੀ ਹਰਿਆਣਾ ਨੂੰ ਦਿਤੇ ਜਾਣਗੇ। ਪ੍ਰਸ਼ਾਸਨ ਨੇ ਇਸ ਤੋਂ ਪਹਿਲਾਂ ਉਨ੍ਹਾਂ ਕਰਮਚਾਰੀਆਂ ਦੀ ਸੂਚੀਪ ਤਿਆਰ ਕਰ ਲਈ ਹੈ ਜਿਹੜੇ ਕਿ ਹਰਿਆਣਾ ਵੇ ਵਾਸੀ ਹਨ। ਚੰਡੀਗੜ੍ਹ ਪੰਜਾਬ ਵਿਚ ਸ਼ਾਮਲ ਕਰ ਦੇਣ ਨਾਲ ਹਰਿਆਣਾ ਤੁਰੰਤ ਆਪਣੀ ਨਵੀਂ ਰਾਜਧਾਨੀ ਦੇ ਸਥਾਨ ਦਾ ਐਲਾਨ ਕਰੇਗਾ। ਇਸ ਲਈ ਨਵੀਂ ਰਾਜਧਾਨੀ ਦੀ ਉਸਾਰੀ ਲਈ ਹਰਿਆਣਾ ਨੂੰ ਸਿਖਿਅਤ ਕਰਮਚਾਰੀਆਂ ਦੀ ਲੋੜ ਹੋਵੇਗੀ। ਇਸ ਸੂਰਤ ਵਿਚ ਕੇਂਦਰੀ ਸਰਕਾਰ ਚੰਡੀਗੜ੍ਹ ਪ੍ਰਸ਼ਾਸਨ ਦੇ ਯੂ. ਟੀ. ਕੇਡਰ ਦੇ ਕਰਮਚਾਰੀਆਂ ਨੂੰ ਹਰਿਆਣਾ ਵਿਚ ਡੈਪੂਟੇਸ਼ਨ ਉਤੇ ਵੀ ਭੇਜ ਸਕਦੀ ਹੈ।

# ਹਰਿਆਣਾ ਲਈ ਪਾਣੀ ਨਹੀਂ ਬਚਦਾ — ਕਿਸਾਨਾਂ ਦੀ ਰਾਏ

ਮੋਰਿੰਡਾ — ਸਤਲੁਜ-ਜਮਨਾ ਲਿੰਕ ਨਹਿਰ ਦੀ ਸੇਧ ਬਦਲਣ ਲਈ ਚਲਾਏ ਜਾ ਰਹੇ ਮੋਰਚੇ ਦੇ ਨੇਤਾਵਾਂ ਸ੍ਰੀ ਚਰਨਜੀਤ ਸਿੰਘ ਖੰਟ ਅਤੇ ਪਿੰਡ ਕਜੌਲੀ ਦੇ ਸਰਪੰਚ ਸ੍ਰੀ ਪ੍ਰੀਤਮ ਸਿੰਘ ਨੇ ਦੱਸਿਆ ਕਿ ਕਿਸਾਨ ਯੂਨੀਅਨ ਦੇ ਨੇਤਾਵਾਂ ਦੀ ਜਿਹੜੀ ਮੀਟਿੰਗ ਚੰਡੀਗੜ੍ਹ ਵਿਚ ਪੰਜਾਬ ਦੇ ਵਿੱਤ ਮੰਤਰੀ ਸ੍ਰੀ ਬਲਵੰਤ ਸਿੰਘ ਨਾਲ ਹੋਈ ਸੀ ਉਸ ਵਿਚ ਇਹ ਸਪਸ਼ਟ ਹੋ ਗਿਆ ਕਿ ਸਰਕਾਰ ਨੇ ਅਜੇ ਸਮਝੌਤੇ ਦੀ ਆਸ ਨਹੀਂ ਛੱਡੀ ਅਤੇ ਨਹਿਰ ਦੀ ਅਗਲੀ ਉਸਾਰੀ ਦਾ ਕੰਮ ਫਿਲਹਾਲ ਰੁਕਿਆ ਹੋਇਆ ਹੈ। ਇਹ ਵਰਨਣਯੋਗ ਹੈ ਕਿ ਨਹਿਰ ਦੀ ਖੁਦਾਈ ਦਾ ਕੰਮ ਪਿਛਲੇ ਕੋਈ ਤਿੰਨ ਮਹੀਤਨੇ ਤੋਂ ਰੁਕਿਆ ਹੋਇਆ ਹੈ।

ਉਧਰ ਕਿਸਾਨਾਂ ਦਾ ਕਹਿਣਾ ਹੈ ਕਿ ਹਰਿਆਣਾ ਨੂੰ ਦੇਣ ਲਈ ਪਾਣੀ ਹੀ ਨਹੀਂ ਹੈ। ਫਿਰ ਨਹਿਰ ਪੁੱਟਣ ਦੀ ਕੀ ਲੋੜ ਹੈ। ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਨੇਤਾ ਵੀ ਇਹ ਕਹਿ ਰਹੇ ਹਨ ਕਿ ਜਦੋਂ ਆਨੰਦਪੁਰ ਸਾਹਿਬ ਹਾਈਡਲ ਚਲਾਉਣ ਲਈ ਹੀ ਪੂਰਾ ਪਾਣੀ ਨੀਹੀਂ ਹੈ ਫਿਰ ਸਤਲੁਜ-ਜਮਨਾ ਲਿੰਕ ਨਹਿਰ ਲਈ ਪਾਣੀ ਕਿਥੋਂ ਆਵੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਹਰਿਆਣੇ ਲਈ ਕੋਈ ਪਾਣੀ ਨਹੀ ਨਹੀਂ ਬਚਦਾ। ਇਸੇ ਕਾਰਨ ਸਰਕਾਰ ਨੇ ਅਜੇ ਤਕ ਪਾਣੀ ਵੰਡਣ ਬਾਰੇ ਟ੍ਰਿਬਿਊਨਲ ਹੀ ਕਾਇਮ ਨਹੀਂ ਕੀਤਾ।

ਕਿਸਾਨ ਨੇਤਾਵਾਂ ਦਾ ਕਹਿਣਾ ਹੈ ਕਿ ਸਮਝੌਤੇ ਮੁਤਾਬਿਕ ਪੰਜਾਬ ਨੇ ਪਿਛਲੇ ਸਾਲ ਪਹਿਲੀ ਜੁਲਾਈ ਨੂੰ ਜਿੰਨਾ ਪਾਣੀ ਵਰਤਿਆ ਸੀ ਉਸ ਨੂੰ ਵੇਖਦਿਆਂ ਹੋਇਆਂ ਹਰਿਆਣੇ ਲਈ ਪਾਣੀ ਬਿਲਕੁਲ ਹੀ ਨਹੀਂ ਬਚਦਾ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਅਫਸਰਾਂ ਨੇ ਜਾਣ ਬੁਝ ਕੇ ਪਾਣੀ ਬਾਰੇ ਅੰਕੜੇ ਵਧਾ ਚੜ੍ਹਾ ਕੇ ਦੱਸੇ ਹਨ।

## 75 ਕਿਲੋ ਅਫੀਮ ਫੜੀ

ਫਰੀਦਕੋਟ, (ਪੱਤਰ ਪ੍ਰੇਰਕ) – ਸ. ਬਲਜੀਤ ਸਿੰਘ ਸੀਨੀਅਰ ਸੁਪਰਡੈਂਟ ਪੁਲੀਸ ਨੇ ਦੱਸਿਆ ਕਿ ਜ਼ਿਲਾ ਫਰੀਦਕੋਟ ਦੀ ਪੁਲੀਸ ਨੇ ਜਨਵਰੀ ਦੇ ਪਹਿਲੇ ਹਫਤੇ ਦੌਰਾਨ 75 ਕਿਲੋ ਅਫੀਮ ਬਰਾਮਦ ਕੀਤੀ ਅਤੇ ਇਸ ਸਬੰਧ ਵਿਚ ਨਰਿੰਦਰ ਸਿੰਘ, ਕੁਲਵੰਤ ਸਿੰਘ, ਪਾਲਾ ਸਿੰਘ, ਭੁਪਿੰਦਰ ਸਿੰਘ ਅਤੇ ਹੋਰ ਕਈਆਂ ਨੂੰ ਗ੍ਰਿਫਤਾਰ ਕਰ ਲਿਆ।

ਉਨ੍ਹਾਂ ਦੱਸਿਆ ਕਿ ਜਸਵਿੰਦਰ ਸਿੰਘ ਪਾਸੋਂ 38 ਕੁਇੰਟਲ 35 ਕਿਲੋ ਭੁੱਕੀ ਅਤੇ ਇਸ ਦੇ ਨਾਲ ਇਸ ਟੋਲੇ ਦੇ ਗਰੋਹ ਦੇ ਹੋਰ ਮੈਂਬਰ ਨਛੱਤਰ ਸਿੰਘ, ਦਿਆਲ ਸਿੰਘ ਤੇ ਪਿਆਰਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਜ਼ਿਲਾ ਪੁਲੀਸ ਨੇ 1.50 ਲੱਖ ਰੁਪਏ ਦੀਆਂ ਚੋਰੀ ਦੀਆਂ ਹੋਰ ਕੀਮਤੀ ਵਸਤਾਂ ਵੀ ਫੜੀਆਂ ਹਨ।

# ਪੰਜਾਬੀ ਵਿਚ ਨੋਟਿਸ ਬੋਰਡ ਲਿਖੇ ਜਾਣ

ਖਰੜ — ਤਰਨਾ ਦਲ ਜ਼ਿਲਾਂ ਰੋਪੜ ਦੇ ਪ੍ਰਧਾਨ ਜਥੇਦਾਰ ਸ਼ੇਰ ਸਿੰਘ ਰੁੜਕੀ ਨੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਜਿਥੇ ਕਿਤੇ ਵੀ ਪੰਜਾਬ ਵਿਚ ਸੜਕਾਂ ਆਦਿ ਦੀ ਮੁਰੰਮਤ ਹੁੰਦੀ ਹੈ ਜਾਂ ਸੜਕਾਂ ਦੇ ਕਿਨਾਰੇ ਸਾਮਾਨ ਵਗੈਰਾ ਪਿਆ ਹੁੰਦਾ ਹੈ ਉਥੇ ਲੋਕਾਂ ਨੂੰ ਇਸ ਸਬੰਧ ਵਿਚ ਸੂਚਨਾ ਦੇਣ ਲਈ ਨੋਟਿਸ ਬੋਰਡ ਪੰਜਾਬੀ ਵਿਚ ਲਿਖੇ ਜਾਣ। ਉਨ੍ਹਾਂ ਇਸ ਸਬੰਧ ਵਿਚ ਦੱਸਿਆ ਕਿ ਖਰੜ-ਮੋਰਿੰਡਾ ਸੜਕ 'ਤੇ ਬਹੁਤ ਦੇਰ ਤੋਂ ਸੜਕ ਦੀ ਮੁਰੰਮਤ ਹੋ ਰਹੀ ਹੈ। ਪਰੰਤੂ ਉਥੇ ਲੱਗੇ ਸਾਰੇ ਨੋਟਿਸ ਬੋਰਡ ਅੰਗਰੇਜ਼ੀ ਵਿਚ ਹਨ ਜਿਸ ਨੂੰ ਆਮ ਆਦਮੀ ਪੜ੍ਹ ਨਹੀਂ ਸਕਦਾ।

# ਜ਼ਮੀਨ ਦੀ ਮਾਲਕੀ ਦਾ ਹੱਕ ਦਿੱਤੇ ਜਾਣ 'ਤੇ ਜ਼ੋਰ

ਅਟਾਰੀ — ਇਥੋਂ 11 ਕਿਲੋਮੀਟਰ ਦੂਰ ਅੱਡਾ ਕੁਕੜਾਂ ਵਾਲੇ ਵਿਖੇ ਕਿਰਤੀ ਕਿਸਾਨ ਯੂਨੀਅਨ, ਜ਼ਿਲਾ ਅੰਮ੍ਰਿਤਸਰ ਇਕਾਈ ਵਲੋਂ ਵਿਸ਼ੇਸ਼ ਕਨਵੈਨਸ਼ਨ ਅਤੇ ਧਰਨੇ ਦਾ ਆਯੋਜਨ ਕੀਤਾ ਗਿਆ। ਸੂਬਾਈ ਮੀਤ ਪ੍ਰਧਾਨ ਸ੍ਰੀਪ ਸਰਬਜੀਤ ਸਿੰਘ ਭਿੱਟੇਵਡ, ਜ਼ਿਲਾ ਸੈਕਟਰੀ ਜਗਤਾਰ ਸਿੰਘ ਮਹਿਲਾਂ ਵਾਲਾ ਤੇ ਸੀ. ਪੀ. ਐਮ. ਐਲ) ਦੇ ਜ਼ਿਲਾ ਸਕੱਤਰ ਕਾ. ਬਲਦੇਵ ਸਿੰਘ ਮਾਨ ਨੇ ਕਧੇਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਰਮੇ ਦਾ ਭਾਅ ਉਹੋ ਹੀ ਲਿਆ ਜਾ ਰਿਹਾ ਹੈ। ਇਸੇ ਤਰ੍ਹਾ ਦੁੱਧ ਸਸਤਾ ਲਿਆ ਜਾ ਰਿਹਾ ਹੈ ਜਿਸ ਕਰ ਨਾਲ ਕਰਜ਼ਾ ਲੈ, ਲੈ ਮੱਝਾਂ ਖਰੀਦਣ ਵਾਲਿਆਂ ਨੂੰ ਬੜੀ ਬੇਚੈਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੁਲਾਰਿਆਂ ਨੇ ਗੰਨੇ ਦਾ ਭਾਅ ਘੱਟ ਦਾ ਜ਼ਿਕਰ ਵੀ ਕੀਤਾ ਤੇ ਮੰਗ ਕੀਤੀ ਕਿ ਜੇ ਨਵਾਂ ਸ਼ਹਿਰ ਖੰਡ ਮਿਲ ਮੁਨਾਫਾ ਦੇ ਸਕਦੀ ਹੈ ਤਾਂ ਹੋਰ ਮਿੱਲਾਂ ਕਿਉਂ ਨਹੀਂ ? ਕੁਦਰਤੀ ਕਰੋਪੀ ਗੜ੍ਹੇਮਾਰ ਦਾ ਜ਼ਿਕਰ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਨੂੰ ਦਸ ਦਿਨਹਾ ਵਿਚ ਗਰਦਾਊਰੀ ਕਰ ਕੇ ਮੁਆਵਜ਼ਾ ਮਿਲ ਜਾਣਾ ਚਾਹੀਦਾ ਸੀ ਪਰ ਅਜੇ ਤਕ ਉਚ ਅਧਿਕਾਰੀਆਂ ਦੇ ਕੰਨ੍ਹਾਂ 'ਤੇ ਜੂੰ ਨਹੀਂ ਸਰਕੀ। ਉਨ੍ਹਾਂ ਪੰਜ ਕਿੱਲੇ ਵਾਲਿਆਂ ਦਾ ਮਾਮਲਾ ਮੁਆਫ ਤੇ ਕਰਜ਼ੇ ਮੁਆਫ ਕਰ ਦੇਣ ਵਾਲੇ ਵਾਇਦੇ ਵੀ ਸਰਕਾਰ ਨੂੰ ਯਾਦ ਕਰਵਾਏ। ਯੂਨੀਅਨ ਨੇ ਦਸ ਫਰਵਰੀ ਨੂੰ 'ਚੰਡੀਗੜ੍ਹ ਚਲੋ' ਦਾ ਸੱਦਾ ਵੀ ਦਿਤਾ।

ਇਸੇ ਦਿਨ ਸੀ. ਪੀ. (ਐਮ.) ਨਾਲ ਸਬੰਧਤ ਕਿਸਾਨ ਸਭਾ ਨੇ ਪਿੰਡ ਜਸਰਾਊਰ ਵਿਖੇ ਕਿਸਾਨਾਂ ਦੇ ਭਰਵਾਂ ਇਕੱਠ ਕੀਤਾ ਜਿਸ ਨੂੰ ਜ਼ਿਲਾ ਸਕੱਤਰ ਕਾ. ਹਜ਼ਾਰਾ ਸਿੰਘ ਜੱਸੜ, ਜ਼ਿਲਾ ਸਕੱਤਰ ਰਾਜੇਸ਼ਵਰ ਸਿੰਘ ਚਮਿਆਰੀ, ਸੂਬਾ ਕਮੇਟੀ ਮੈਂਬਰ ਕਾ. ਦਲੀਪ ਸਿੰਘ ਪਟਿਆਲਾ ਤੇ ਕਾ. ਗੁਰਦਿਆਲ ਸਿੰਘ ਮੈਂਬਰ ਜ਼ਿਲਾ ਕਮੇਟੀ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਅਬਾਦਕਾਰਾਂ ਦੇ ਮਸਲੇ ਨੂੰ ਬੜੀ ਗੰਭੀਰਤਾ ਨਾਲ ਲੈਂਦਿਆਂ ਮੰਗ ਕੀਤੀ ਕਿ ਮੁਜਾਰਿਆਂ ਨੂੰ ਮਾਲਕੀ ਦਾ ਹੱਕ ਦਿਤਾ ਜਾਵੇ।

# ਤਾਮਿਲਾਂ ਵਿਰੁੱਧ ਵਿਦੇਸ਼ੀ ਪਾਇਲਟਾਂ ਦੀ ਵਰਤੋਂ

ਮਦਰਾਸ — ਤਾਮਿਲ ਯੂਨਾਈਟਿਡ ਲਿਬਰੇਸ਼ਨ ਫਰੰਟ ਦੇ ਸੈਕਟਰੀ ਜਨਰਲ ਸ੍ਰੀ ਅੰਮ੍ਰਿਤਲਿੰਗਮ ਨੇ ਦੋਸ਼ ਲਾਇਆ ਹੈ ਕਿ ਸ੍ਰੀਲੰਕਾ ਵਿਚ ਤਾਮਿਲਾਂ ਵਿਰੁਧ ਜੋ ਕਾਰਵਾਈ ਕੀਤੀ ਜਾ ਰਹੀ ਹੈ ਉਸ ਵਿਚ ਵਰਤੇ ਜਾ ਰਹੇ ਹੈਲੀਕਾਪਟਰਾਂ ਅਤੇ ਹਵਾਈ ਜਹਾਜ਼ਾਂ ਨੂੰ ਪਾਕਿਸਤਾਨ, ਇਸਰਾਈਲ ਅਤੇ ਬਰਤਾਨਵੀ ਪਾਇਲਟ ਚਲਾ ਰਹੇ ਹਨ। ਸ੍ਰੀ ਅੰਮ੍ਰਿਤਲਿੰਗਮ ਨੇ ਕਿਹਾ ਕਿ ਸ੍ਰੀਲੰਕਾ ਦੇ ਰਾਸ਼ਟਰਪਤੀ ਸ੍ਰੀ ਜੈਵਰਧਨੇ ਭਾਰਤ ਦੀਆਂ ਸੇਵਾਵਾਂ ਤੋਂ ਕੋਈ ਬਹੁਤਾ ਲਾਭ ਨਹੀਂ ਉਠਾ ਰਹੇ ਸਗੋਂ ਉਹ ਤਾਂ ਭਾਰਤ ਵਿਰੋਧੀ ਸ਼ਕਤੀਆਂ ਦੀ ਮਦਦ ਨਾਲ ਤਾਮਿਲਾਂ ਨੂੰ ਕੁਚਲਣ ਵਿਚ ਲੱਗੇ ਹੋਏ ਹਨ। ਤਾਮਿਲ ਨੇਤਾ ਨੇ ਕਿਹਾ ਸ੍ਰੀ ਲੰਕਾ ਸਰਕਾਰ ਨੇ ਉਨ੍ਹਾਂ ਦ ਦੇ ਸੁਝਾਵਾਂ ਦਾ ਕੋਈ ਹਾਂ ਪੱਖੀ ਹੁੰਗਾਰਾ ਨਹੀਂ ਭਰਿਆ ਅਤੇ ਰੋਜ਼ਾਨਾ ਤਕਰੀਬਨ ਪੰਦਰਾਂ ਤਾਮਿਲ ਮੌਤ ਦੇ ਘਾਟ ਉਤਾਰੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸ੍ਰੀਲੰਕਾ ਦੇ ਸਿੰਹਾਲੀ ਉਤਰੀ ਅਤੇ ਪੂਰਬੀ ਸੂਬਿਆਂ ਦੇ ਏਕੀਕਰਨ ਦੇ ਵਿਰੁੱਧ ਹਨ ਪਰ ਅਸੀਂ ਸਮਝਦੇ ਹਾਂ ਕਿ ਜਦੋਂ ਤਕ ਇਨ੍ਹਾਂ ਸੂਬਿਆਂ ਨੂੰ ਮਿਲਾਇਆ ਨਹੀਂ ਜਾਵੇਗਾ ਉਦੋਂ ਤਕ ਮਸਲਾ ਹੱਲ ਨਹੀਂ ਹੋ ਸਕੇਗਾ। ਸ੍ਰੀਲੰਕਾ ਦੀ ਸਰਕਾਰ ਨੂੰ ਤਾਮਿਲਾਂ ਵਲੋਂ ਇਕ ਮਹੀਨਾ ਪਹਿਲਾਂ ਪੇਸ਼ ਕੀਤੇ ਗਏ ਸੁਝਾਵਾਂ ਉਤੇ ਗੌਰ ਕਰਨਾ ਚਾਹੀਦਾ ਹੈ।


FOGG MOTORS

60 - 10th Street, New Westminster

ਸਾਡੇ ਕੋਲੋਂ ਬਹੁਤ ਸਾਰੀਆਂ ਪੁਰਾਣੀਆਂ ਕਾਰਾਂ, ਪਿਕ ਅਪ ਤੇ ਵੈਨਾਂ ਬੜੀ ਸਸਤੀ ਕੀਮਤ ਤੇ ਮਿਲ ਸਕਦੀਆਂ ਹਨ

ਚੰਗੀਆਂ ਕਾਰਾਂ, ਵੈਨਾਂ ਤੇ ਪਿਕ ਅਪ(ਨਵੀਆਂ ਜਾਂ ਪੁਰਾਣੀਆਂ) ਖ਼ੀਦਣ ਵਾਸਤੇ ਆਪਣੀ ਕਮਿਊਨਿਟੀ ਦੇ ਜਾਣੇ ਪਛਾਣੇ ਭਰੋਸੇਯੋਗ ਸੇਲਜ਼ਮੈਨ ਨੂੰ ਸਦਾ ਯਾਦ ਰੱਖੋ। GMC Chrysler ਜਾਂ Ford ਦੀ ਕਾਰ ਲੈਣੀ ਹੋਵੇ ਤਾਂ ਵੀ ਸੁਖਜਿੰਦਰ ਸਿੰਘ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਸਲਾਹ ਦੇ ਕੇ ਫਖਰ ਮਹਿਸੂਸ ਕਰਦੇ ਹਨ। ਕਾਰਾਂ ਸਸਤੇ ਰੇਟ ਤੇ ਅਸਾਨ ਕਿਸ਼ਤਾਂ ਵੀ ਮਿਲ ਸਕਦੀਆਂ ਹਨ।

ਅਸੀਂ ਹਰ ਐਤਵਾਰ 11 ਵਜੇ ਸਵੇਰ ਤੋਂ ਲੈ ਕੇ 4 ਵਜੇ ਸ਼ਾਮ ਤੱਕ ਖੁਲ੍ਹੇ ਰਹਿੰਦੇ ਹਾਂ।

ਇਕ ਵਾਰ ਜ਼ਰੂਰ ਦਰਸ਼ਨ ਦਿਓ



Sukhjinder Bath (Sukhi)

Bus: 522-2821 Res: 594-7712

From

# PAUL

# Republic

# Day

# Greetings

## PAUL'S PLUMBING & ELECTRICAL SUPPLY

4774 MAIN ST. (AT 32nd)
VANCOUVER, B.C.

**Ph. 872-3118 [Supply]**
**872-7227 [Service]**

## ਪ੍ਰਿੰਸੀਪਲ ਸੁਜਾਨ ਸਿੰਘ ਦੀ ਇਕ ਪ੍ਰਤੀਨਿਧ ਕਹਾਣੀ

# ਕੁਲਫੀ

ਮਹੀਨਾ ਮੁੱਕਣ ਤੇ ਸੀ, ਪਰ ਮੁੱਕਣ ਵਿਚ ਨਹੀਂ ਸੀ ਆਉਂਦਾ। ਸੋਚ ਰਿਹਾ ਸਾਂ, ਮਹੀਨੇ ਦੇ ਪਹਿਲੇ ਅੱਧ ਦੇ ਪੰਦਰਾਂ ਦਿਨ ਕਿਵੇਂ ਝੱਟ-ਪੱਟ ਮੁੱਕ ਜਾਂਦੇ ਹਨ ਤੇ ਤਨਖਾਹ ਵੀ ਉਨ੍ਹਾਂ ਪੰਦਰਾਂ ਦਿਨਾਂ ਦੇ ਨਾਲ ਹੀ ਕਿਵੇਂ ਉਡ-ਪੁਡ ਜਾਂਦੀ ਹੈ। ਮੈਨੂੰ ਪੱਠੇ ਦੀ ਸਫ ਚੁਭ ਰਹੀ ਸੀ। ਪਾਸਾ ਵੱਟ ਕੇ ਪਿੱਠ ਤੇ ਹੱਥ ਫੇਰਿਆ ਤਾਂ ਸਫ ਦੀਆਂ ਪਿੜੀਆਂ ਪਿੰਡੇ ਵਿਚ ਖੁੱਭੀਆਂ ਹੋਈਆਂ ਸਨ।

"ਮਲਾਈ ਵਾਲੀ ਕੁਲਫੀ" ਠੰਢੀ-ਠਾਰ ਆਵਾਜ਼ ਵਿਚ ਕੁਲਫੀ ਵਾਲੇ ਨੇ ਹੋਕਾ ਦਿਤਾ। ਉਸ ਦੀ ਆਵਾਜ਼ ਕਿੰਨਾ ਚਿਰ ਮੇਰੇ ਕੰਨਾਂ ਵਿਚ ਗੂੰਜਦੀ ਰਹੀ। ਚਿੱਟੀ ਦੁੱਧ ਕੁਲਫੀ ਸਾਕਾਰ ਮੇਰੀਆਂ ਅੱਖਾਂ ਸਾਹਮਣੇ ਨੱਚਣ ਲੱਗੀ। ਮੇਰੇ ਮੂੰਹ ਵਿਚ ਪਾਣੀ ਆ ਗਿਆ ਪਰ ਮੈਂ ਬੇਵੱਸ ਸੀ। ਪੈਸੇ ਦੀ ਤੰਗੀ ਹਵਾਲਾਤ ਦੀ ਤੰਗੀ ਤੋਂ ਵੀ ਭੈੜੀ ਹੁੰਦੀ ਹੈ। ਮੈਂ ਆਪਣੇ ਦਿਲ ਦੀ ਚਾਹ ਤੋਂ ਬਚਣ ਲਈ 'ਕੁਲਫੀ' ਸ਼ਬਦ ਦੀ ਬਣਤਰ ਤੇ ਵਿਚਾਰ ਕਰਨ ਦੀ ਆੜ ਲੈ ਲਈ। ਕੁਫਲ ਦਾ ਅਰਥ ਜੰਦਰਾ, ਸੁਨਿਆਰਿਆਂ ਗਹਿਣਿਆਂ ਵਿਚ ਇਸ ਨੂੰ ਲਾ ਕੇ ਕੁਫਲ ਦਾ ਕੁਲਫੀ ਬਣਾ ਦਿੱਤਾ। ਕੁਲਫੀ ਨੂੰ ਵੀ ਟੀਨ ਦੇ ਸੱਚਿਆਂ ਵਿਚ ਬੰਦ ਕਰਕੇ ਜਮਾਇਆ ਜਾਂਦਾ ਹੈ — ਇਸ ਲਈ ਕੁਲਫੀ। ਤੇ ਇੰਦਾਂ ਹੌਲੀ-ਹੌਲੀ, ਪਤਾ ਨਹੀਂ ਕਦੋਂ, ਨੀਂਦ ਨੇ ਮੇਰਾ ਕੁਲਫੀ ਤੋਂ ਛੁਟਕਾਰਾ ਕਰ ਦਿਤਾ।

ਮੇਰੀ ਦੁਪਹਿਰ ਮਗਰੋਂ ਦੀ ਨੀਂਦ ਹਾਲੀਂ ਪੂਰੀ ਨਹੀਂ ਹੋਈ ਸੀ ਕਿ ਮੈਨੂੰ ਛੋਟੇ ਕਾਕੇ ਨੇ ਹਲੂਣ ਕੇ ਜਗਾ ਦਿਤਾ। ਮੈਂ ਖਿਝਿਆ ਹੋਇਆ ਸਾਂ, ਪਰ ਕਾਕੇ ਦੀ ਤੋਤਲੀ ਆਵਾਜ਼ ਨੇ ਮੈਨੂੰ ਸ਼ਾਂਤ ਕਰ ਦਿਤਾ।

"ਦਾ ਜੀ, ਕਿੰਨੀਆਂ ਆਜਾਂ ਮਾਰੀਆਂ, ਜਾਗਦੇ ਈ ਨਹੀਂ ਤੁਸੀਂ।"

"ਹਾਂ, ਹਾਂ, ਤੂੰ ਕੀ ਕਹਿਨੈਂ। ਦੱਸ ਵਈ", ਮੈਂ ਕੁਝ ਕਾਹਲੇ ਪੈ ਕੇ ਪੁੱਛਿਆ।

"ਤੱਕਾ, ਇਕ ਤੱਕਾ ਦਿਓ, ਦਾ ਜੀ।"

ਪਰ ਟਕਾ ਮੇਰੇ ਕੋਲ ਹੈ ਨਹੀਂ ਸੀ। ਮੇਰੇ ਕੋਲ ਅੱਜ ਕੁਝ ਵੀ ਨਹੀਂ ਸੀ। ਜੂਨ ਦੀ ਛੱਬੀ ਤਰੀਕ ਸੀ। ਘਰ ਦਾ ਖਰਚ ਬਾਜ਼ਾਰ ਦੀ ਉਧਾਰ ਦੀ ਸਾਖ ਤੇ ਮਸੀਂ ਤੁਰ ਰਿਹਾ ਸੀ।

"ਤੱਕਾ ਦਿਓ ਵੀ ਨਾ ਦਾ ਜੀ।"

ਬਾਹਰ ਮੁਰਮੁਰੇ ਵਾਲਾ ਉਚੀ ਉਚੀ ਸਾਡੇ ਬੂਹੇ ਅੱਗੇ ਹੋਕਾ ਦੇ ਰਿਹਾ ਸੀ।

ਕੋਈ ਜਵਾਬ ਸੋਚਣ ਵਾਸਤੇ ਸਮਾਂ ਕੱਢਣ ਲਈ ਮੈਂ ਕਿਹਾ, "ਕਾਕਾ ਤੂੰ ਟਕਾ ਕੀ ਕਰਨੈਂ ?"

"ਖਚਣੈ ਮੈਂ ਤੱਕਾ, ਹੋਰ ਕੀ ਕਰੀਦੈ, ਤੱਕੇ ਨੂੰ ?"

ਮੈਨੂੰ ਪਤਾ ਏ, ਪਹਿਲੇ ਜੰਗ ਤੋਂ ਮਗਰੋਂ ਜਦੋਂ ਬੜੀ ਮਹਿੰਗਾਈ ਹੋ ਗਈ ਸੀ, ਸਾਨੂੰ ਧੇਲਾ ਖਰਚਣ ਨੂੰ ਮਿਲਦਾ ਸੀ ਤੇ ਧੇਲੇ ਦੇ ਮੱਸਦੀ ਰਾਮ ਤੋਂ ਲਿਆਂਦੇ ਹੋਏ ਛੋਲੇ ਮੁੱਕਣ ਵਿਚ ਹੀ ਨਹੀਂ ਸਨ ਆਉਂਦੇ। ਹੁਣ ਆਨੇ ਦੇ ਵੀ ਓਨੇ ਛੋਲੇ ਨਹੀਂ ਸਨ ਮਿਲ ਸਕਦੇ ਤੇ ਆਮਦਨ ਮੇਰੀ, ਮੇਰੇ ਪਿਤਾ ਦੀ ਆਮਦਨ ਦੇ ਪਾਸਕ ਵੀ ਨਹੀਂ ਸੀ, ਹਾਲਾਂਕਿ ਮੇਰੀ ਪੜ੍ਹਾਈ ਮੇਰੇ ਪਿਤਾ ਤੋਂ ਕਈ ਗੁਣਾਂ ਵੱਧ ਸੀ। ਮੈਂ ਦੁਨੀਆਂ ਦੀ ਆਰਥਕ ਦਸ਼ਾ ਤੇ ਇਸ ਦਸ਼ਾ ਨੂੰ ਬਣਾਉਣ ਤੇ ਕਾਇਮ ਰੱਖਣ ਵਾਲੇ ਧਨ ਕੁਬੇਰਾਂ ਤੇ ਵਿਚਾਰ ਕਰਨ ਲੱਗ ਪਿਆ।

ਬਾਹਰੋਂ ਫੇਰ 'ਮੁਰਮੁਰਾ ਛੋਲੇ' ਦਾ ਹੋਕਾ ਗੂੰਜਿਆ ਤੇ ਨਾਲ ਹੀ ਕਾਕੇ ਆਖਿਆ, "ਤੱਕਾ ਦਿਓ ਵੀ ਨਾ, ਦਾ ਜੀ।"

"ਤੱਕਾ ਭੈੜਾ ਹੁੰਦਾ ਹੈ", ਮੈਂ ਹਾਲਾਤ ਤੋਂ ਪੈਦਾ ਹੋਈ ਬਦ-ਹਵਾਸੀ ਜਿਹੀ ਵਿਚ ਕਿਹਾ।

"ਹੂੰ, ਤੱਕਾ ਵੀ ਕਦੇ ਭੈੜਾ ਹੁੰਦਾ, ਦਾ ਜੀ ? ਤੱਕੇ ਦਾ ਮੁਰਮਰਾ ਆਉਂਦੈ।"

"ਮੁਰਮੁਰਾ ਭੈੜਾ ਹੁੰਦੈ" ਮੈਂ ਆਖਿਆ ਤੇ ਬਾਕੀ ਗੱਲ ਹਾਲੇ ਮੇਰੇ ਮੂੰਹ ਵਿਚ ਹੀ ਸੀ ਕਿ ਕਾਕੇ ਨੇ ਕਿਹਾ, "ਮੁਰਮੁਰਾ ਤੇ ਮਿੱਠਾ ਹੁੰਦੈ।"

ਇਸ ਦਲੀਲ ਦਾ ਮੇਰੇ ਕੋਲ ਕੋਈ ਉਤਰ ਨਹੀਂ ਸੀ। ਮੈਂ ਵੀ ਮਿੱਠੇ ਦਾ ਲੋਭੀ ਹਾਂ। ਪਰ ਫਿਰ ਵੀ ਮੈਂ ਆਪਣੀ ਫੋਕੀ ਹਿਕਮਤ ਜਤਾਉਂਦਿਆਂ ਕਿਹਾ, "ਮੁਰਮੁਰੇ ਨਾਲ ਖੰਘ ਲੱਗ ਜਾਂਦੀ ਏ ਬੱਚੂ।"

"ਤੁਸੀਂ ਤੱਕਾ ਦੇ ਦਿਓ। ਮੈਨੂੰ ਨਹੀਂ ਲਗਦੀ ਲੁਗਦੀ ਖੰਘ।"

ਮੁੰਡਾ ਮੱਛਰਦਾ ਜਾਪਦਾ ਸੀ। ਟੱਕਾ ਮੇਰੇ ਕੋਲ ਹੈ ਨਹੀਂ ਸੀ। ਮੈਂ ਕਾਕੇ ਨੂੰ ਟਾਲਣ ਲਈ ਉਸ ਨੂੰ ਪਤਾ ਨਹੀਂ ਕਿਉਂ ਕਹਿ ਦਿਤਾ — ਖਬਰੇ ਵੱਡਾ ਲੋਭ ਦੇ ਕੇ ਭੁਲਾਉਣ ਲਈ —

"ਮੁਰਮੁਰਾ ਗੰਦਾ ਹੁੰਦੈ। ਅਸੀਂ ਸ਼ਾਮੀਂ ਬਾਜ਼ਾਰੋਂ ਕੁਲਫੀ ਖਾਵਾਂਗੇ।"

ਮੁਰਮੁਰੇ ਛੋਲੇ ਵਾਲਾ ਹੁਣ ਟਲ ਚੁੱਕਾ ਸੀ। ਕਾਕਾ ਵੀ ਮੇਰੀ ਆਸ ਤੋਂ ਉਲਟ ਸ਼ਾਮੀਂ ਕੁਲਫੀ ਖਾਣੀ ਮੰਨ ਗਿਆ। ਸਮਝਿਆ ਬਲਾ ਟਲੀ। ਮੈਂ ਸੋਚਿਆ, ਕਿਤੇ ਕੋਈ ਛਾਬੜੀ ਵਾਲਾ ਹੋਰ ਨਾ ਆ ਜਾਵੇ। ਸੋ ਮੈਂ ਕੱਪੜੇ ਪਾ ਕੇ ਕੜਕਦੀ ਧੁੱਪ ਵਿਚ ਬਾਹਰ ਨਿਕਲ ਗਿਆ ਤੇ ਸੜਕਾਂ ਤੇ ਸਮਾਂ ਕਤਲ ਕਰਦਾ ਰਿਹਾ। ਕੀਮਤੀ ਸਮਾਂ ਮੈਂ ਇਕ ਟੱਕੇ ਦੀ ਮੰਗ ਤੋਂ ਬਚਣ ਲਈ ਨਾਸ ਕਰਦਾ ਰਿਹਾ ਸਾਂ।

ਮੈਂ ਆਪਣੇ ਮਾਲਕ ਨੂੰ ਕਿਉਂ ਨਹੀਂ ਕਹਿੰਦਾ ਕਿ ਮੇਰਾ ਇੰਨੇ ਵਿਚ ਗੁਜ਼ਾਰਾ ਨਹੀਂ ਹੁੰਦਾ। ਪਰ ਸੁਣੇਗਾ ਕੌਣ ? ਇਕੱਲੇ ਦੀ ਆਵਾਜ਼ ਭਾਵੇਂ ਕਿੱਡੀ ਉਚੀ ਹੋਵੇ, ਸੁਣੀ ਨਹੀਂ ਜਾਂਦੀ। ਲੋੜਵੰਦ ਇਕੱਠੇ ਹੋ ਨਹੀਂ ਸਕਦੇ, ਜੇ ਹੋ ਜਾਣ ਤਾਂ ਰਹਿਣ ਨਹੀਂ ਦਿਤੇ ਜਾਂਦੇ ਤਾਂ ਜੋ ਇਕੱਠੀ ਮੰਗ ਨਾ ਕਰਨ। ਮੰਗ ਕੀਤਿਆਂ ਕਈ ਵਾਰੀ ਨੌਕਰੀਓਂ ਜਵਾਬ ਹੋ ਜਾਂਦਾ ਹੈ। ਮੈਂ ਡਰ ਗਿਆ। ਬੇਰੁਜ਼ਗਾਰੀ ਦੇ ਭਿਆਨਕ ਭਵਿੱਖਤ ਨੇ ਮੈਨੂੰ ਕੰਬਾ ਦਿੱਤਾ। ਕਾਇਰਾਂ ਵਾਂਗ ਮੈਂ ਸਦਾ ਤੋਂ ਚੁੱਪ ਰਿਹਾ ਸਾਂ ਤੇ ਹੁਣ ਵੀ ਚੁਪ ਰਹਿਣ ਦਾ ਹੀ ਫੈਸਲਾ ਕੀਤਾ।

ਸ਼ਾਮੀਂ ਇਹ ਸਮਝ ਕੇ ਕਿ ਕਾਕਾ ਛੇਤੀ ਸੌਂ ਜਾਂਦਾ ਹੈ, ਮੈਂ ਦੱਬੇ ਪੈਰੀਂ ਘਰ ਪਹੁੰਚਿਆ। ਆਵਾਜ਼ ਨਾ ਮਾਰੀ', ਕੇਵਲ ਕੁੰਡਾ ਹੀ ਖੜਕਾਇਆ। ਉਤੋਂ ਹੀ ਆਵਾਜ਼ ਆਈ, "ਦਾ ਜੀ, ਆਇਆ ਜੇ" ਤੇ ਥੋੜੇ ਚਿਰ ਮਗਰੋਂ ਕਾਕੇ ਨੇ ਆਣ ਬੂਹਾ ਖੋਲ੍ਹਿਆ।

"ਦਾ.. ਜੀ.. ਕੁਲਫੀ ਖਾਣ ਜਾਣਾ ਜੇ ?" ਉਸ ਨੇ ਆਸ਼ ਭਰਪੂਰ ਲਹਿਜੇ



ਵਿਚ ਪੁੱਛਿਆ।

"ਉਤੇ ਚਲ ਉਤੇ" ਮੈਂ ਕਿਹਾ।

ਕਾਕਾ ਨਿਮੋਝੂਣਾ ਜਿਹਾ ਹੋ ਕੇ ਅੱਗੇ ਲਗ ਤੁਰਿਆ। ਮੰਜੇ ਤੇ ਬੈਠ ਕੇ ਕਾਕੇ ਨੂੰ ਗੋਦ ਵਿਚ ਲੈ ਕੇ ਮੈਂ ਪਿਆਰ ਨਾਲ ਕਿਹਾ, "ਹੁਣ ਰਾਤ ਪੈ ਗਈ ਏ, ਕੁਲਫੀ ਕਲ ਖਾਵਾਂਗੇ।"

ਮਾਮੂਲ ਤੋਂ ਉਲਟ ਕਾਕਾ ਚੁੱਪ ਕਰ ਰਿਹਾ। ਕਿੰਨਾ ਚਿਰ ਅਸਮਾਨ ਵੱਲ ਤਕ ਕੇ ਕੁਝ ਸੋਚਦਾ ਰਿਹਾ। ਫੇਰ ਆਖਣ ਲੱਗਾ, "ਦਾ.. ਜੀ, ਤਾਰੇ ਪਈਏ ਹੁੰਦੇ ਨੇ ਨਾ। ਵੱਡਾ ਭਾ ਆਖਦਾ ਸੀ ਤਾਰੇ ਪਈਏ ਹੁੰਦੇ ਨੇ ਤੇ ਦਾ ..ਜੀ, ਸਾਰੇ ਪਈਏ ਸਾਡੇ ਕੋਠੇ ਤੇ ਕਿਉਂ ਨਹੀਂ ਵਰ੍ਹ ਪੈਂਦੇ ?"

ਮੈਂ ਇਹ ਆਖ ਕੇ "ਤਾਰੇ ਰੁਪਈਏ ਨਹੀਂ ਹੁੰਦੇ" ਮਾਨੋ ਉਸ ਦਾ ਸੁਰਗ ਢਾਹ ਛੱਡਿਆ। ਉਹ ਮੰਜੇ ਤੇ ਲੇਟ ਗਿਆ ਤੇ ਅਸਮਾਨ ਵੱਲ ਦੇਖਦਾ ਆਖਰ ਸੌਂ ਹੀ ਗਿਆ।

ਦੂਸਰੇ ਦਿਨ ਕੰਮ ਤੇ ਮੈਂ ਆਪਣੇ ਸਾਥੀਆਂ ਤੋਂ ਕੁਝ ਮੰਗਣ ਦੀ ਕੋਸ਼ਿਸ਼ ਕਰਦਾ ਰਿਹਾ, ਪਰ ਹੀਆ ਨਹੀਂ ਸੀ ਪੈਂਦਾ। ਮੰਗਣਾ ਬਹੁਤ ਹੀ ਔਖਾ ਕੰਮ ਹੈ। ਮੌਤ ਜਿੰਨਾ ਦੁੱਖ ਹੁੰਦਾ ਹੈ ਮੰਗਣ ਵਿਚ।

ਆਖਰ ਇਕ ਸਾਥੀ ਕੋਲੋਂ ਤਿੰਨ ਰੁਪਏ ਲੈ ਹੀ ਲਏ। ਜਦ ਘਰ ਆਇਆ ਤਾਂ ਕਾਕਾ ਦੁਪਹਿਰ ਦੀ ਨੀਂਦ ਲੈ ਰਿਹਾ ਸੀ। ਰੋਟੀ ਖਵਾਉਂਦਿਆਂ ਸ੍ਰੀਮਤੀ ਜੀ ਨੇ ਤਿੰਨ ਰੁਪਏ ਮੁੱਛ ਲਏ। ਅੱਧ ਮਣ ਲੱਕੜੀਆਂ, ਸ਼ਾਮ ਦੀ ਸਬਜ਼ੀ, ਲੂਣ, ਤੇਲ ਆਦਿ ਵਿਚ ਕਾਕੇ ਦੇ ਜਾਗਣ ਤੋਂ ਪਹਿਲਾਂ ਤਿੰਨੇ ਰੁਪਏ ਮੁੱਕ ਗਏ। ਮੈਂ ਕਿਹਾ ਵੀ ਕਿ ਕਾਕੇ ਨੂੰ ਕੁਲਫੀ ਖਵਾਉਣੀ ਹੈ ਪਰ ਉਸ ਕਹਿ ਛੱਡਿਆ "ਬੜਾ ਉਹਨੂੰ ਯਾਦ ਰਹਿਣੈ। ਮੈਂ ਟੱਕਾ ਦੇ ਛੱਡਾਂਗੀ ਮੁਰਮੁਰੇ ਲਈ।"

ਕਾਕੇ ਜਾਗਦਿਆਂ ਹੀ ਕੁਲਫੀ ਮੰਗੀ। ਚੀਕ-ਚਿਹਾੜਾ ਪੈ ਗਿਆ। ਕਲ ਵਾਲਾ ਮੁਰਮੁਰਾ ਤੇ ਟੱਕਾ ਮਨਜ਼ੂਰ ਨਹੀਂ ਸਨ। ਆਖਰ ਸ਼ਾਮ ਨੂੰ ਕੁਲਫੀ ਖਵਾਉਣ ਦਾ ਵਾਇਦਾ ਕਰਕੇ ਛੁਟਕਾਰਾ ਪਾਇਆ ਤੇ ਕਾਕੇ ਨੇ ਟੱਕਾ ਮੇਰੇ ਕੋਲ ਜਮ੍ਹਾਂ ਕਰਵਾ ਦਿਤਾ। ਸ਼ਾਮ ਤੋਂ ਪਹਿਲੋਂ ਹੀ ਮੈਂ ਖੇਡਣ ਦਾ ਬਹਾਨਾ ਕਰਕੇ ਨਿਕਲ ਗਿਆ ਤੇ ਦੇਰ ਰਾਤ ਗੁਜ਼ਰੀ ਮੁੜਿਆ। ਕਾਕੇ ਨੂੰ ਸੁੱਤਾ ਦੇਖ ਕੇ ਸਾਹ ਵਿਚ ਸਾਹ ਆਇਆ। ਰੋਟੀ ਖਵਾਉਂਦਿਆਂ ਸ੍ਰੀਮਤੀ ਜੀ ਨੇ ਦੱਸਿਆ ਕਿ ਕਾਕਾ ਬੜਾ ਚਿਰ ਮੈਨੂੰ ਉਡੀਕਦਾ ਰਿਹਾ ਸੀ। ਮੈਂ ਕਾਕੇ ਦੇ ਨਾਲ ਲੰਮਾ ਪਿਆ ਬੜਾ ਬੇਚੈਨ ਰਿਹਾ। ਨੀਂਦ ਆਉਂਦੀ ਹੀ ਨਹੀਂ ਸੀ, ਪਰ ਆਖਰ ਪਤਾ ਨਹੀਂ ਕਦੋਂ ਆ ਗਈ। ਨੀਂਦ ਤੇ ਆਖਦੇ ਨੇ, ਸੂਲਾਂ ਤੇ ਵੀ ਆ ਜਾਂਦੀ ਹੈ।

ਅੱਧੀ ਰਾਤ ਤੋਂ ਮਗਰੋਂ ਦਾ ਵੇਲਾ ਸੀ। ਕਾਕਾ ਸੁੱਤਾ ਕੁਝ ਬੇਚੈਨ ਜਾਪਦਾ ਸੀ। ਉਸ ਦੋ ਤਿੰਨ ਵਾਰੀ ਚਿੱਡ ਵਿਚ ਲੱਤਾਂ ਮਾਰੀਆਂ ਸਨ। ਹੁਣ ਉਸ ਬਾਂਹ ਉਲਟਾ ਕੇ ਮੇਰੇ ਮੂੰਹ ਤੇ ਮਾਰੀ। ਜਾਗਿਆ ਤਾਂ ਮੈਂ ਅਗੇ ਹੀ ਹੋਇਆ ਸਾਂ, ਹੁਣ ਚੇਤੰਨ ਹੋ ਗਿਆ। ਕਾਕਾ ਕੁਝ ਬੁੜਬੁੜਾਇਆ। ਮੈਨੂੰ ਕੁਝ ਪਤਾ ਨਾ ਲੱਗਾ। ਫਿਰ ਉਹ ਉਚੀ ਬੁੜਾਇਆ "ਕੁਫੀ, ਕੁਫੀ, ਦਾ .. ਜੀ. ਕੁਫੀ !" ਮੈਂ ਬਹਬਲ ਹੋ ਉਠਿਆ। "ਸਰਦਾਰ ਜੀ, ਜਾਗਦੇ ਓ", ਸ੍ਰੀਮਤੀ ਨੇ ਆਖਿਆ, ਤੇ ਇਹ ਜਾਣ ਕੇ ਕਿ ਮੈਂ ਜਾਗਦਾ ਹਾਂ, ਉਸ ਕਹਿਣਾ ਜਾਰੀ ਰੱਖਿਆ, "ਖਸਮਾਂ ਖਾਣਾ ਸੁੱਤਾ ਪਿਆ ਵੀ ਕੁਲਫੀਆਂ ਮੰਗਦੈ।" ਮੇਰੇ ਤੇ ਮਾਨੋ ਬਿਜਲੀ ਪੈ ਗਈ ਸੀ। ਮੈਂ ਚੁੱਪ ਤੇ ਕਾਕਾ ਵੀ ਚੁੱਪ ਹੋ ਗਿਆ।

ਸਵੇਰੇ ਜਾਗ ਕੇ ਕਾਕੇ ਕੁਲਫੀ ਦੀ ਮੰਗ ਕੋਈ ਨਾ ਕੀਤੀ। ਮੇਰੇ ਕੰਮ ਤੋਂ ਮੁੜ ਕੇ ਆਉਂਦਿਆਂ ਵੀ ਉਸ ਮੈਥੋਂ ਕੁਝ ਨਾ ਮੰਗਿਆ, ਰੋਟੀ ਖਾ ਕੇ ਮੈਂ ਦੁਪਹਿਰ ਦੀ ਨੀਂਦ ਲੈਣ ਲਈ ਲੇਟ ਗਿਆ। ਉਸ ਚੁੱਭਣ ਵਾਲੀ ਸਫ ਉਤੇ ਹੁਦਾਰ ਲੈ ਸਕਣ ਦੀ ਅਸਫਲਤਾ ਤੇ ਝੂਰਦਾ ਰਿਹਾ। ਫੇਰ ਮੈਨੂੰ ਨੀਂਦ ਆ ਗਈ। ਮੇਰੀ ਨੀਂਦ ਹਾਲੇ ਅਧਵਾਟੇ ਹੀ ਸੀ ਕਿ ਗਲੀ ਵਿਚ ਕਿਸੇ ਕੁਲਫੀ ਵਾਲੇ ਨੇ ਹੋਕਾ ਦਿਤਾ, "ਠੰਢੀ ਠਾਰ ਕੁਲਫੀ" ਮਜ਼ੇਦਾਰ ਕੁਲਫੀ।" ਮੈਂ ਜਾਗ ਪਿਆ। ਕਾਕਾ ਮੇਰੇ ਲਾਗੇ ਰਬੜ ਦੀ ਪਾਟੀ ਬੱਤਖ ਨਾਲ ਖੇਡ ਰਿਹਾ ਸੀ। ਬਤਖ ਨੂੰ ਸੁੱਟ ਕੇ ਉਹ ਖੜਾ ਹੋਇਆ। ਬੂਹੇ ਲਾਗੇ ਜਾ ਕੇ ਉਹ ਖੜਾ ਹੋ ਕੇ ਬਾਹਰ ਦੇਖਣ ਲੱਗ ਪਿਆ। ਮੈਂ ਸੋਚਿਆ, ਹੁਣ ਮੈਨੂੰ ਜਗਾਉਣ ਆਵੇਗਾ ਪਰ ਉਹ ਉਥੇ ਹੀ ਖੜੋਤਾ ਰਿਹਾ ਫੇਰ ਉਹ ਬਾਹਰ ਤੁਰ ਗਿਆ। ਮੈਂ ਛੋਲੀ ਛੱਪਲੀ ਉਠ ਕੇ ਬੂਹੇ ਓਹਲੇ ਆ ਖੜੋਤਾ। ਕੁਲਫੀ ਵਾਲਾ ਸਾਹਮਣੇ ਸ਼ਾਹ ਜੀ ਦੇ ਲੜਕੇ ਨੂੰ ਕੁਲਫੀ ਕੱਢਕੇ ਦੇਣ ਦੇ ਆਹਰ ਵਿਚ ਸੀ। ਇਹ ਮੁੰਡਾ ਗਲੀ ਦਾ 'ਬੁਲੀ' ਸੀ ਤੇ ਆਪਣੇ ਤੋਂ ਛੋਟਿਆਂ ਮੁੰਡਿਆਂ ਨੂੰ ਸਦਾ ਕੁੱਟਿਆ ਕਰਦਾ ਸੀ। ਇਹ ਕੋਈ ਅੱਠਾਂ ਕੁ ਵਰ੍ਹਿਆਂ ਦਾ ਸੀ ਤੇ ਸਾਡੇ ਕਾਕੇ ਤੋਂ ਤਿੰਨ ਕੁ ਸਾਲ ਵੱਡਾ ਸੀ। ਕਾਕਾ ਸਿਪਾਹੀਆਂ ਵਾਂਗ ਲੱਤਾਂ ਚੌੜੀਆਂ ਕਰਕੇ ਲੱਕ ਪਿਛੇ ਹੱਥ ਜੋੜੀ ਖੜਾ ਸੀ। ਕੁਲਫੀ ਵਲ ਉਹ ਗਹੁ ਨਾਲ ਦੇਖ ਰਿਹਾ ਸੀ। ਪਰ ਉਸ ਭਾਈ ਕੋਲੋਂ ਕੁਲਫੀ ਨਹੀਂ ਸੀ ਮੰਗੀ। ਜਿਉਂ ਹੀ ਕੁਲਫੀ ਵਾਲੇ ਨੇ ਸ਼ਾਹਾਂ ਦੇ ਮੁੰਡੇ ਦੇ ਹੱਥ ਤੇ ਕੁਲਫੀ ਦੀ ਪਲੇਟ ਰੱਖੀ, ਕਾਕਾ ਧੁਸ ਦੇ ਕੇ ਉਸ ਨੂੰ ਪੈ ਗਿਆ। ਔਹ ਗਈ ਪਲੇਟ, ਔਹ ਗਈ ਕੁਲਫੀ, ਫਲੂਦਾ ਤੇ ਚਮਚਾ, ਤੇ ਮੋਰੀ ਵਿਚ ਡਿੱਗਾ ਸ਼ਾਹਾਂ ਦਾ ਮੁੰਡਾ। ਕਿਸੇ ਜੇਤੂ ਵਾਂਗ ਕਾਕਾ ਉਸ ਦੇ ਵਲ ਦੇਖਦਾ ਰਿਹਾ। ਸ਼ਾਹਾਂ ਦਾ ਮੁੰਡਾ ਗੁੱਸਾ ਖਾ ਕੇ ਉਠਿਆ — ਕੁਲਫੀ ਦਾ ਨੁਕਸਾਨ ਤੇ ਆਪਣੀ ਹੇਠੀ ਉਸ ਨੂੰ ਜਿਵੇਂ ਨਵਾਂ ਜੋਸ਼ ਦੇ ਰਹੀ ਸੀ। ਜਿਉਂ ਹੀ ਉਹ ਉਠਿਆ ਕਾਕੇ ਨੇ ਫੇਰ ਉਸ ਨੂੰ ਇਕ ਐਸੀ ਢੁੱਡ ਮਾਰੀ ਕਿ ਉਹ ਫਿਰ ਮੋਰੀ ਵਿਚ ਜਾ ਪਿਆ ਤੇ ਚੀਕਾਂ ਮਾਰਨ ਲਗ ਪਿਆ। ਮੈਂ ਨੱਸ ਕੇ ਕਾਕੇ ਨੂੰ ਚੁੱਕ ਲਿਆ। ਕੁਲਫੀ ਵਾਲੇ ਨੇ ਸ਼ਾਹਾਂ ਦੇ ਮੁੰਡੇ ਨੂੰ ਉਠਾ ਲਿਆ। ਸ਼ਾਹਣੀ, ਜੋ ਕਿਸੇ ਦਾ ਕੋਈ ਉਲਾਂਭਾ ਨਹੀਂ ਸੀ ਸੁਣਦੀ, ਅੱਜ ਸਾਡੇ ਉਲਾਂਭਾ ਦੇਣ ਆਈ। । ਕਾਕੇ ਦਾ ਸਰੀਰ ਭੱਖ ਰਿਹਾ ਸੀ। ਸ੍ਰੀਮਤੀ ਨੇ ਕਿਹਾ, "ਆ ਖਸਮਾਂ ਖਾਣਿਆ ! ਤੂੰ ਲਗੋਂ ਹੁਣੇ ਉਲਾਂਭੇ ਲਿਆਉਣ ?" ਤੇ ਮਾਰਨ ਲਈ ਚਪੇੜ ਉਘਾਰੀ। ਮੈਂ ਕਿਹਾ, "ਕੁਝ ਵੰਡ ਸੁਦੇਣੇ ! ਕਾਇਰ ਪਿਓ ਦੇ ਘਰ ਬਹਾਦਰ ਮੁੰਡਾ ਜੰਮਿਐ।"

# ਸੁਜਾਨ ਸਿੰਘ

—ਜਸਵੰਤ ਸਿੰਘ ਵਿਰਦੀ—



ਸੁਜਾਨ ਸਿੰਘ ਵੀ ਸਾਡੇ ਮਹਿਬੂਬ ਲੇਖਕਾਂ ਵਿਚੋਂ ਹੈ। ਉਸ ਕੋਲ ਬੈਠ ਕੇ ਅਤੇ ਉਹਦੇ ਨਾਲ ਪਿਆਰ-ਮੁਹੱਬਤ (ਸਾਹਿਤ) ਦੀਆਂ ਗੱਲਾਂ ਕਰਕੇ ਬੜਾ ਆਨੰਦ ਆਉਂਦਾ ਹੈ, ਹਾਲਾਂਕਿ ਉਨ੍ਹਾਂ ਗੱਲਾਂ ਵਿਚ ਸਕੈਂਡਲ ਵਾਲੀ ਕੋਈ ਚੀਜ਼ ਨਹੀਂ ਹੁੰਦੀ। ਸੁਜਾਨ ਸਿੰਘ ਦੀਆਂ ਪੁਰਖਲੂਸ ਗੱਲਾਂ ਨਿਰਮਲ ਝੀਲ ਵਾਂਗ ਸਵੱਛ ਤੇ ਬੇਦਾਗ਼ ਹਨ।

ਪਰ, ਸੁਜਾਨ ਸਿੰਘ ਕੋਲ ਹੁਣ ਗੱਲਾਂ ਕਰਨ ਲਈ ਬਹੁਤ ਘੱਟ ਵਕਤ ਹੈ। ਉਹ ਦੀਨਾ ਨਗਰ ਦੀ ਕਿਸੇ ਕਾਲਜ-ਨੁਮਾ ਅਕਾਦਮੀ ਵਿਚ ਪੜ੍ਹਾਉਂਦੇ ਹਨ, ਅਤੇ ਸਵੇਰੇ ਹੀ ਗੁਰਦਾਸਪੁਰੋਂ ਟੁਰ ਪੈਂਦੇ ਹਨ। ਹੋ ਸਕਦੈ, ਗੁਰਦਾਸਪੁਰੋਂ ਦੀਨਾ ਨਗਰ ਤਕ ਉਨ੍ਹਾਂ ਦੇ ਨਾਲ ਸਫ਼ਰ ਕਰਨ ਵਾਲੇ ਲੋਕ ਉਨ੍ਹਾਂ ਦੀਆਂ ਗੱਲਾਂ ਦਾ ਆਨੰਦ ਲੈਂਦੇ ਹੋਣ, ਪਰ ਹਕੀਕਤ ਇਹੋ ਹੀ ਹੈ ਕਿ ਉਨ੍ਹਾਂ ਕੋਲ ਵਿਹਲ ਨਹੀਂ ਹੈ।

"ਪਰ ਸੁਜਾਨ ਸਿੰਘ ਤਾਂ ਕਿਸੇ ਵੱਡੇ ਕਾਲਜ ਦੇ ਪ੍ਰਿੰਸੀਪਲ ਸਨ।" ਮੈਂ ਕਿਰਪਾਲ ਸਿੰਘ ਯੋਗੀ ਕੋਲੋਂ ਪੁਛਿਆ। ਉਹਨੇ ਦਸਿਆ —

"ਹਾਂ, ਪਰ ਉਥੋਂ ਤਾਂ ਉਹ ਕਦੋਂ ਦੇ ਹੀ ਰੀਟਾਇਰ ਹੋ ਚੁਕੇ ਨੇ।"

"ਤੇ ਹੁਣ ਇਹੋ ਹੀ ਅਕਾਦਮੀ ਨੁਮਾ-ਕਾਲਜ ...?"

"ਹਾਂ.." ਯੋਗੀ ਨੇ ਕਿਹਾ। ਯੋਗੀ ਦੀ ਗੱਲ ਸੁਣ ਕੇ ਮਨ ਨੂੰ ਕੁਝ ਤਕਲੀਫ ਹੋਈ ਸੀ। ਸੁਜਾਨ ਸਿੰਘ ਵਰਗਾ ਸਾਡਾ ਮਹਾਨ ਲੇਖਕ ਪਚੱਤਰਾਂ ਵਰ੍ਹਿਆਂ ਤੋਂ ਵੀ ਵੱਡੇਰੀ ਉਮਰ ਵਿਚ (ਭਾਵੇਂ ਉਹ ਆਪਣੇ ਆਪ ਨੂੰ ਬੁੱਢਾ ਨਹੀਂ ਸਮਝਦਾ) ਅਕਾਦਮੀਆਂ 'ਚ ਪੜ੍ਹਾਵੇ ? ਇਹ ਕੋਈ ਚੰਗੀ ਗੱਲ ਨਹੀਂ ਸੀ। ਪਰ ਫੇਰ ਖ਼ਿਆਲ ਆਇਆ, ਚੰਗੀਆਂ ਗੱਲਾਂ ਇਥੇ ਹੁੰਦੀਆਂ ਹੀ ਕਿਹੜੀਆਂ ਨੇ ? ਸੇਖੋਂ ਵਰਗੇ ਜਿਹੜੇ ਗਰੁੱਪ ਬਣਾ ਕੇ ਬੈਠੇ ਨੇ, ਉਨ੍ਹਾਂ ਦੀ ਹੀ ਬੱਲੇ-ਬੱਲੇ ਹੈ।

ਉਸ ਵੇਲੇ ਮੇਰੀਆਂ ਅੱਖਾਂ ਸਾਹਮਣੇ ਸਰਕਾਰ ਦੀਆਂ ਉਹ ਸਾਰੀਆਂ ਹੀ ਕਾਗਜ਼ੀ ਯੋਜਨਾਵਾਂ ਘੁੰਮ ਗਈਆਂ, ਜਿਨ੍ਹਾਂ ਵਿਚ ਲੇਖਕਾਂ ਲਈ ਬਾਇਜ਼ਤ ਢੰਗ ਨਾਲ ਜੀਵਨ ਬਤੀਤ ਕਰਨ ਦੀਆਂ ਸਹੂਲਤਾਂ ਸ਼ਾਮਿਲ ਹਨ।

ਮੇਰੀ ਗੱਲ ਦੇ ਭਾਵ ਨੂੰ ਜਾਣ ਕੇ ਯੋਗੀ ਨੇ ਕਿਹਾ — "ਬਾਊ ਜੀ ਸਹੀ ਅਰਥਾਂ ਵਿਚ ਕਿਰਤੀ ਲੇਖਕ ਨੇ ... ਉਹ ਕਦੀ ਵੀ ਕਿਸੇ ਨੂੰ ਸਹਾਇਤਾ ਲਈ ਨਹੀਂ ਕਹਿਣਗੇ।"

"ਭਾਵੇਂ ਅਕਾਦਮੀਆਂ ਵਿਚ ਹੀ ਪੜ੍ਹਾਣਾ ਪਵੇ ?"

"ਬਿਲਕੁਲ"

"ਪਰ ਇਹ ਤਾਂ ਬੜੀ ਮਾੜੀ ਗੱਲ ਐ।"

"ਸਾਡੇ ਲਈ ?"

"ਕਿਉਂ ?"

"ਵੇਖੋ ਨਾ, ਸੁਜਾਨ ਸਿੰਘ ਵਰਗਾ ਸਾਡਾ ਮਹਿਬੂਬ ਲੇਖਕ ?"

"ਤਾਂ ਕੀ ਕਿਰਤ ਕਰਕੇ ਜੀਵਨ ਨਿਰਬਾਹ ਕਰਨਾ ਮਾੜਾ ਹੈ ?"

"ਨਹੀਂ, ਮੈਂ ਇਹ ਕਦੋਂ ਕਿਹਾ।"

"ਫੇਰ, ਵਿਰਦੀ ਤੂੰ ਕੀ ਚਾਹੁੰਦਾਂ ਏਂ ?"

"ਬਈ ਸੁਜਾਨ ਸਿੰਘ ਨੂੰ ਕਿਸੇ ਯੂਨੀਵਰਸਿਟੀ ਦੀ ਫੈਲੋਸ਼ਿਪ ਮਿਲਣੀ ਚਾਹੀਦੀ ਹੈ ਤਾਂ ਕਿ ਉਹ ਅਰਾਮ ਨਾਲ ਬਹਿ ਕੇ ਲਿਖਣ।"

ਮੇਰੀ ਗੱਲ ਸੁਣ ਕੇ ਯੋਗੀ ਹੱਸ ਪਿਆ, ਜਿਵੇਂ ਮੈਂ ਕੋਈ ਹਾਸੋਹੀਣੀ ਗੱਲ ਕਹਿ ਦਿਤੀ ਹੋਵੇ। ਫੇਰ ਅਸੀਂ ਦੋਵੇਂ ਹੀ ਉਦਾਸ ਹੋ ਗਏ। ਪਰ, ਸੁਜਾਨ ਸਿੰਘ ਦੀ ਸ਼ਖ਼ਸੀਅਤ ਅਤੇ ਰਚਨਾ ਸਾਨੂੰ ਉਦਾਸ ਹੋਣ ਦੀ ਸਿੱਖਿਆ ਨਹੀਂ ਦਿੰਦੀ। ਇਸ ਕਰਕੇ ਪਲਾਂ ਵਿਚ ਹੀ ਸਾਡੇ ਸਿਰਾਂ ਤੋਂ ਉਦਾਸੀ ਦੇ ਉਹ ਬਦਲ ਪਠਾਨਕੋਟ ਤੋਂ ਪਰਲੇ ਰੁੱਖੇ-ਮੁੱਕੇ ਪਹਾੜਾਂ ਵਲ ਖਿਸਕ ਗਏ। ਅਗਲੇ ਪਲ ਹੀ ਮੈਂ ਹੱਸ ਰਿਹਾ ਸਾਂ ਤੇ ਯੋਗੀ ਹੈਰਾਨ ਹੋ ਰਿਹਾ ਸੀ, "ਕੀ ਗੱਲ ਹੋ ਗਈ, ਵਿਰਦੀ ?"

"ਗੱਲ ?" ਮੈਂ ਪੁੱਛਿਆ, ਤੇ ਫੇਰ ਕਿਹਾ — 'ਇਕ ਵਾਰ ਮੈਂ ਸੁਜਾਨ ਸਿੰਘ ਦੇ ਵੱਡੇ ਪੁੱਤਰ ਕੁਲਵੰਤ ਨੂੰ ਕਿਹਾ—'ਓਏ ਕੁਲਵੰਤ ਸਿਆਂ ਤੂੰ ਬਾਊ ਜੀ ਦਾ ਖਿਆਲ ਰਖਿਆ ਕਰ।"

(ਬਾਕੀ ਪੰਨਾ 14 ਉਤੇ)

## ਦੋ ਸ਼ਬਦ

ਪੰਜਾਬੀ ਸਾਹਿਤ-ਸੰਸਾਰ ਵਿਚ ਇਸ ਸਮੇਂ ਵੱਖ ਵੱਖ ਸਰਕਾਰੀ, ਅਰਧ-ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਵਲੋਂ ਕਈ ਸਨਮਾਨ, ਇਨਾਮ ਅਤੇ ਪੁਰਸਕਾਰ ਪਰਚੱਲਤ ਹਨ । ਪਰ ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟ੍ਰਸਟ (ਕੈਨੇਡਾ) ਵਲੋਂ ਕਾਇਮ ਕੀਤੇ ਗਏ ਕੌਮਾਂਤਰੀ ਸਾਹਿਤ-ਸ਼ਰੋਮਣੀ ਮਨਜੀਤ ਯਾਦਗਾਰੀ ਪੁਰਸਕਾਰ ਦਾ ਇਹਨਾਂ ਵਿਚ ਆਪਣਾ ਹੀ ਵਿਸ਼ੇਸ਼ ਅਤੇ ਨਿਵੇਕਲਾ ਹੈ ਸਥਾਨ ਹੈ ।

ਇਹ ਪੁ ਰਸਕਾਰ ਸਾਡੇ ਕਵੀ, ਦਰਸ਼ਨ ਗਿੱਲ ਵਲੋਂ 33 ਸਾਲ ਦੀ ਭਰ-ਜਵਾਨ ਉਮਰ ਵਿਚ ਕੈਂਸਰ ਦੀ ਚੰਦਰੀ ਬੀਮਾਰੀ ਨਾਲ ਵਿਛੜ ਗਈ ਆਪਣੀ ਸਾਹਿਤ-ਰਸੀਆ ਜੀਵਨ-ਸਥਾਣ ਬੀਬੀ ਮਨਜੀਤ ਗਿੱਲ ਦੀ ਯਾਦ ਵਿਚ ਕਾਇਮ ਕੀਤਾ ਗਿਆ ਹੈ । ਜਿਥੇ ਕਵੀ ਨੇ ਅਨੇਕ ਕਵਿਤਾਵਾਂ ਦੀ ਰਚਨਾ ਕਰ ਕੇ ਕੁਵੇਲੇ ਵਿਛੜੀ ਸਾਥਣ ਦੀ ਯਾਦ ਨੂੰ ਅਮਰ ਬਣਾਇਆ, ਉਥੇ ਉਹਨੇ ਉਹਦੇ ਸਾਹਿਤ-ਪ੍ਰੇਮ ਵੱਲ ਦੇਖਦਿਆਂ ਇਹ ਸਾਹਿਤਕ ਪੁਰਸਕਾਰ ਕਾਇਮ ਕਰਨ ਦਾ ਅਰਥ-ਭਰਪੂਰ ਤੇ ਭਾਵਨਾ-ਭਰਪੂਰ ਫੈਸਲਾ ਵੀ ਕੀਤਾ ਅਤੇ ਇਹਦਾ ਪਰਬੰਧ ਇਕ ਟ੍ਰਸਟ ਬਣਾ ਕੇ ਉਹਦੇ ਹਵਾਲੇ ਕਰ ਦਿਤਾ ।

ਸਨਮਾਨਾਂ, ਇਨਾਮਾਂ ਅਤੇ ਪੁਰਸਕਾਰਾਂ ਦੇ ਸੰਬੰਧ ਵਿਚ ਆਮ ਕਰਕੇ ਇਕ ਗੱਲ ਦੇਖਣ ਵਿਚ ਆਈ ਹੈ ਕਿ ਸਮਾਂ ਪੈਣ ਨਾਲ ਉਹ ਆਪਣੀ ਮਹੱਤਤਾ, ਕਦਰ ਅਤੇ ਸਾਖ ਜੇ ਗੁਆ ਨਹੀਂ ਤਾਂ ਘਟਾ ਜ਼ਰੂ ਰ ਬੈਠਦੇ ਹਨ । ਅਸਲ ਵਿਚ ਇਹ ਦੁਪਾਸੀ ਅਮਲ ਹੁੰਦਾ ਹੈ । ਜਿਥੇ ਸਾਹਿਤਕ ਪੁਰਸਕਾਰ ਸਾਹਿਤਕਾਰ ਦਾ ਮਾਣ ਕਰਦੇ ਹਨ, ਉਥੇ ਸਹੀ ਸਾਹਿਤਕਾਰ ਦੀ ਚੋਣ ਪੁਰਸਕਾਰਾਂ ਦਾ ਮਾਣ ਵਧਾਉਂਦੀ ਹੈ ਪਰ ਕਿਉਂਕਿ ਭਾਂਤ ਭਾਂਤ ਦੀਆਂ ਸੋਚਾਂ, ਭਾਂਤ ਭਾਂਤ ਦੇ ਗੌਆਂ ਅਤੇ ਦਬਾਵਾਂ ਕਾਰਨ ਚੋਣ ਹਮੇਸ਼ਾਂ ਹੀ ਸਹੀ ਨਹੀਂ ਹੁੰਦੀ, ਸੰਬੰਧਿਤ ਪੁਰਸਕਾਰ ਦਾ ਜਲੌਅ ਮੱਧਮ ਪੈ ਜਾਂਦਾ ਹੈ । ਇਹ ਗੱਲ ਅਖੌਤੀ ਸਰਬੋਤਮ ਇਨਾਮ, ਨੋਬਲ ਇਨਾਮ ਤੋਂ ਲੈ ਕੇ ਹੇਠਾਂ ਤਕ ਦੇਖੀ ਜਾਂਦੀ ਹੈ । ਸਾਡੇ ਭਾਰਤੀ ਸਾਹਿਤ ਅਕਾਦਮੀ ਦੇ ਇਨਾਮਾਂ ਦੀ ਮਿਸਾਲ ਸਾਹਮਣੇ ਹੈ — ਸਾਹਿਤਕਾਰ ਇਹਨਾਂ ਨੂੰ, ਖੈਰ, ਖਾਸ ਕਰ ਕੇ ਪੈਸੇ ਦੀ ਦ੍ਰਿਸ਼ਟੀ ਤੋਂ, ਪਰਵਾਨ ਤਾਂ ਕਰ ਲੈਂਦੇ ਹਨ, ਪਰ ਕਰਦੇ ਸੰਗਦੇ-ਸੰਗਦੇ ਹੀ ਹਨ ।

ਕੌਮਾਂਤਰੀ ਸਾਹਿਤ-ਸ਼ਰੋਮਣੀ ਮਨਜੀਤ ਯਾਦਗਾਰੀ ਪੁਰਸਕਾਰ ਦੀ ਗੱਲ ਇਹਤੋਂ ਬਿਲਕੁਲ ਵੱਖਰੀ ਹੈ । ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟ੍ਰਸਟ (ਕੈਨੇਡਾ) ਦੀ ਨਿਰਪੱਖਤਾ, ਸੰਤੁਲਿਤ ਸੋਚ ਅਤੇ ਸਾਹਿਤਕਾਰਾਂ ਦੀ ਚੋਣ ਕਰਨ ਦੀ ਸਿਆਣਪ ਹੁਣ ਤਕ ਦੇ ਨਾਵਾਂ ਤੋਂ ਭਲੀਭਾਂਤ ਉਜਾਗਰ ਹੋ ਜਾਂਦੀ ਹੈ—ਭਲਾ ਸੰਤ ਸਿੰਘ ਸੇਖੋਂ, ਗਿਆਨੀ ਕੇਸਰ ਸਿੰਘ, ਸੋਹਨ ਸਿੰਘ ਜੋਸ਼, ਸੰਤੋਖ ਸਿੰਘ ਧੀਰ, ਗੁਰਸ਼ਰਨ ਸਿੰਘ ਅਤੇ ਸੁਜਾਨ ਸਿੰਘ ਦੇ ਨਾਵਾਂ ਵਿਚੋਂ ਕੋਈ ਇਕ ਨਾਂ ਵੀ ਅਜਿਹਾ ਹੈ, ਜੀਹਦੇ ਵੱਲ ਉਂਗਲ ਕੀਤੀ ਜਾ ਸਕੇ ?

ਸੁਜਾਨ ਸਿੰਘ ਹੁਰਾਂ ਨੇ ਅਜਿਹੀਆਂ ਬਹੁ-ਚਰਚਿਤ ਕਹਾਣੀਆਂ ਵੀ ਲਿਖੀਆਂ ਹਨ ਜਿਨ੍ਹਾਂ ਵਿਚੋਂ ਇਕ-ਇਕ ਬਾਰੇ ਪੂਰੀ ਪੁਸਤਕ ਲਿਖੀ ਜਾ ਸਕਦੀ ਹੈ । ਲੇਖਕ ਹੁਣ ਤੋਂਇ ਇਲਾਵਾ ਉਹਨਾਂ ਦਾ ਜ਼ਾਤੀ ਜੀਵਨ ਵੀ ਏਨਾ ਨੇਕ, ਉਚਾ-ਸੁੱਚਾ ਅਤੇ ਆਦਰਸ਼ਕ ਹੈ ਕਿ ਉਸ ਬਾਰੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ ਅਤੇ ਲਿਖਿਆ ਜਾਣਾ ਚਾਹੀਦਾ ਹੈ । ਇਹ ਵਿਸ਼ਾ ਇਕ ਵੱਖਰੀ ਪੁਸਤਕ ਦੀ ਮੰਗ ਕਰਦਾ ਹੈ ।

**ਗੁਰਬਚਨ ਸਿੰਘ ਭੁੱਲਰ**

## ਹੁਣ ਤੱਕ ਦੇ ਸਨਮਾਨਿਤ ਲੇਖਕ

1. 1980 ਲਈ, ਪਹਿਲੀ ਵਾਰ, ਇਹ ਪੁਰਸਕਾਰ ਆਧੁਨਿਕ ਪੰਜਾਬੀ ਸਾਹਿਤ ਦੇ ਇਕ ਮੋਢੀ ਕਲਮਕਾਰ, ਪਰਮੁੱਖ ਆਲੋਚਕ, ਚਿੰਤਕ, ਕਹਾਣੀਕਾਰ ਅਤੇ ਨਾਟਕਕਾਰ, ਸੰਤ ਸਿੰਘ ਸੇਖੋਂ ਨੂੰ ਭੇਟ ਕੀਤਾ ਗਿਆ ।

2. 1981 ਲਈ ਇਹ ਪੁਰਸਕਾਰ ਗਿਆਨੀ ਕੇਸਰ ਸਿੰਘ ਨੂੰ ਉਹਨਾਂ ਦੀ ਸਮੁੱਚੀ ਸਾਹਿਤਕ ਘਾਲਣਾ ਲਈ ਦਿਤਾ ਗਿਆ । ਗਿਆਨੀ ਜੀ ਕੇਵਲ ਸਾਡੇ ਇੱਕ ਪਰਸਿੱਧ ਨਾਵਲਕਾਰ ਹੀ ਨਹੀਂ, ਸਗੋਂ ਉਹ ਭਾਰਤ ਦੇ ਸੁਤੰਤਰਤਾ-ਸੰਗਰਾਮ ਦੌਰਾਨ ਚੱਲੀਆਂ ਵੱਖ ਵੱਖ ਅੱਗੇ-ਵਧੂ ਲਹਿਰਾਂ ਦੀ ਭਾਵਨਾ ਨੂੰ ਜੀਵਤ ਰਖਣ ਲਈ ਅਤੇ ਮਹਾਨ ਸ਼ਹੀਦਾਂ ਦੀਆਂ ਕਰਨੀਆਂ ਨੂੰ ਨਵੀਆਂ ਪੀੜ੍ਹੀਆਂ ਵਾਸਤੇ ਸਾਂਭਣ ਲਈ ਵੀ ਬਹੁਤ ਕਦਰਯੋਗ ਕਾਰਜ ਨੇਪਰੇ ਚਾੜ੍ਹ ਰਹੇ ਹਨ ।

3. 1982 ਲਈ ਟ੍ਰਸਟ ਨੇ ਇਹ ਪੁਰਸਕਾਰ ਪੰਜਾਬੀ ਪੱਤਰਕਾਰੀ ਦੇ ਪਿਤਾਮਾ, ਸੰਗਰਾਮੀਏ ਸਾਹਿਤਕਾਰ ਅਤੇ ਲੋਕ-ਪੱਖੀ ਇਤਿਹਾਸਕਾਰ, ਸੋਹਨ ਸਿੰਘ ਜੋਸ਼ ਨੂੰ ਭੇਟ ਕਰਨ ਦਾ ਮਾਣ ਪਰਾਪਤ ਕੀਤਾ । ਇਸ ਸਬੰਧੀ ਐਲਾਨ ਹੋ ਜਾਣ ਤੋਂ ਪਿਛੋਂ ਅਤੇ ਭੇਟ-ਸਮਾਗਮ ਕੀਤਾ ਜਾ ਸਕਣ ਤੋਂ ਪਹਿਲਾਂ ਉਹਨਾਂ ਦੇ ਪੂਰਾ ਹੋ ਜਾਣ ਕਾਰਨ, ਇਹ ਸਨਮਾਨ 16 ਜਨਵਰੀ 1983 ਨੂੰ ਉਹਨਾਂ ਦੀ ਜੀਵਨ-ਸਾਥਣ ਮਾਤਾ ਕਰਮ ਕੌਰ ਜੀ ਨੂੰ ਅੰਮ੍ਰਿਤਸਰ ਵਿਖੇ ਭੇਟ ਕੀਤਾ ਗਿਆ ।

4. 1983 ਲਈ ਇਹ ਪੁਰਸਕਾਰ ਟ੍ਰਸਟ ਨੇ ਸਾਰਾ ਜੀਵਨ ਇਕਸਾਰਤਾ ਨਾਲ ਲੋਕ-ਹਿਤ ਅਤੇ ਲੋਕ-ਪੱਖ ਦੇ ਪੈਂਤਰੇ ਉਤੇ ਡਟ ਕੇ ਕਲਮ ਚਲਾਉਣ ਵਾਲੇ ਅਤੇ ਸੰਗਰਾਮ ਕਰਨ ਵਾਲੇ ਸੂਰਮੇ ਸਾਹਿਤਕਾਰ ਸੰਤੋਖ ਸਿੰਘ ਧੀਰ ਨੂੰ ਚੰਡੀਗੜ੍ਹ ਵਿਖੇ ਭੇਟ ਕੀਤਾ । ਉਹਨਾਂ ਦੀ ਪਤਨੀ, ਸ੍ਰੀਮਤੀ ਸੁਰਿੰਦਰ ਕੌਰ ਨੂੰ ਵੀ ਇਕ ਦੁਸ਼ਾਲਾ ਭੇਟ ਕੀਤਾ ਗਿਆ ।

5. 1984 ਲਈ ਇਹ ਪੁਰਸਕਾਰ ਭੇਟ ਕਰਨ ਵਾਸਤੇ ਟ੍ਰਸਟ ਨੇ 'ਪੰਜਾਬੀ ਨਾਟਕ ਨੂੰ ਨਿੱਗਰ ਲੋਕ-ਪੱਖੀ ਮੋੜ ਦੇਣ ਅਤੇ ਸਿਰੜੀ ਜਤਨਾਂ ਨਾਲ ਆਮ ਲੋਕਾਂ ਤੱਕ ਪੁਜਦਾ ਕਰਨ' ਲਈ ਲੇਖਕ, ਨਿਰਦੇਸ਼ਕ ਅਤੇ ਅਦਾਕਾਰ ਗੁਰਸ਼ਰਨ ਸਿੰਘ ਨੂੰ ਚੁਣਿਆ । ਉਹਨਾਂ ਦੀ ਪਤਨੀ, ਸ੍ਰੀਮਤੀ ਕੈਲਾਸ਼ ਕੌਰ ਦਾ ਵੀ ਸਨਮਾਨ ਕੀਤਾ ਗਿਆ ।

6. 1985 ਲਈ ਇਹ ਪੁਰਸਕਾਰ ਭੇਟ ਕਰਨ ਵਾਸਤੇ ਟ੍ਰਸਟ ਨੇ ਪੰਜਾਬੀ ਦੇ ਇਕ ਮੋਢੀ ਕਹਾਣੀਕਾਰ ਅਤੇ ਲੋਕ-ਹਿਤ ਦੇ ਨਿਰੰਤਰ ਘੁਲਾਟੀਏ, ਸੁਜਾਨ ਸਿੰਘ ਦੀ ਚੋਣ ਕੀਤੀ ਹੈ ।

**ਗੁਰਚਰਨ ਰਾਮਪੁਰੀ**

ਫੁੱਲਾਂ ਜਿਹੇ ਜਿਸਮਾਂ ਦੀ ਬੇਕਦਰੀ ਜਦੋਂ ਵੇਖੀ
ਇਹ ਦੀਪ ਨ ਰਹਿ ਸਕਿਆ ਉਠਿਐ ਤੇ ਉਠਾਏ ਫੁੱਲ ।



## ਇਕ ਸ਼ਿਲਪਕਾਰ

**ਪ੍ਰੋ: ਪ੍ਰੀਤਮ ਸਿੰਘ**

ਸੁਜਾਨ ਸਿੰਘ ਸੁਨਿਆਰਾ ਨਹੀਂ, ਪਰ ਕਹਾਣੀ ਦੀ ਘਾੜਤ ਕਿਸੇ ਸਿਆਣੇ ਸੁਨਿਆਰੇ ਵਾਲੀ ਬਰੀਕੀ ਨਾਲ ਕਰਦਾ ਹੈ; ਉਹ ਰਾਜ ਵੀ ਨਹੀਂ, ਪਰ ਕਹਾਣੀ ਦੀ ਚਿਣਾਈ ਚੂਨੇ-ਗੱਚ ਕਰਨ ਦਾ ਸ਼ੁਕੀਣ ਹੈ ।

ਸੁਜਾਨ ਸਿੰਘ ਦੀ ਕਹਾਣੀ ਭੁਕਾਨੇ ਵਾਂਗ ਨਹੀਂ ਹੁੰਦੀ ਜਿਹੜਾ ਠਾਹ ਕਰਕੇ ਫਟਦਾ ਤੇ ਮੁੱਕ ਜਾਂਦਾ ਹੈ, ਉਹ ਮਤਾਬੀ ਵਾਂਗ ਹੁੰਦੀ ਹੈ, ਜੋ ਮਿਥਿਆ ਹੋਇਆ ਪੈਂਡਾ ਮੁਕਾਉਣ ਪਿਛੋਂ ਹੀ ਆਪਣਾ ਲਿਸ਼ਕਾਰਾ ਛੱਡਦੀ ਹੈ ।

ਸੁਜਾਨ ਸਿੰਘ ਦੀਆਂ ਕਹਾਣੀਆਂ ਪੜ੍ਹੀਏ ਤਾਂ ਲਗਦਾ ਹੈ, ਜਿਵੇਂਖੋਂ ਉਹ ਕਹਿ ਰਿਹਾ ਹੋਵੇ—ਮੇਰੀ ਹਰ ਕਹਾਣੀ ਮੇਰੀ ਆਪਣੀ ਮਿਹਨਤ ਦਾ ਸਿੱਟਾ ਹੈ । ਹਰ ਕਹਾਣੀ ਦੇ ਪਾਤਰਾਂ, ਪਾਤਰਾਂ ਦੇ ਆਪਸੀ ਸਬੰਧਾਂ, ਇਨ੍ਹਾਂ ਸੰਬੰਧਾਂ ਤੋਂ ਪੈਦਾ ਹੁੰਦੀਆਂ ਘਟਨਾਵਾਂ ਦੇ ਟਿਕੇ ਹੋਏ ਅੰਤ ਵੱਲ ਕ੍ਰਮਿਕ ਵਿਕਾਸ ਦਾ ਜ਼ਿੰਮੇਵਾਰ ਮੈਂ ਹਾਂ, ਇਸ ਲਈ ਜੇ ਕੋਈ ਇਹ ਸਮਝੇ ਕਿ ਮੈਂ ਇਹ ਸਾਰੀ ਖੇਚਲ ਕਲਾ ਦੀ ਕੋਈ ਸਜਾਵਟੀ ਕਿਰਤ ਤਿਆਰ ਕਰਨ ਲਈ ਕਰਦਾ ਹਾਂ, ਜਾਂ ਇਸ ਕਰਕੇ ਕਰਦਾ ਹਾਂ ਕਿ ਇਸ ਨਾਲ ਲੋਕਾਂ ਦਾ ਜੀ ਲੱਗਿਆ ਰਹੇਗਾ, ਤਾਂ ਇਹ ਨਿਰਾ-ਪੁਰਾ ਭੁਲੇਖਾ ਹੈ । ਇਸ ਤਰ੍ਹਾਂ ਦਾ ਭੁਲੇਖਾ ਦੂਰ ਕਰਨ ਲਈ ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਦੀ ਦੁਨੀਆਂ ਵਿਚ ਮੈਂ ਆਪਣੇ ਹੁਣ ਤੱਕ ਦੇ ਦਿਨ ਕੱਟੇ ਹਨ, ਮੈਂ ਇਸ ਨਾਲੋਂ ਚੰਗੇਰੀ ਦੁਨੀਆਂ ਦਾ ਮੁਦੱਈ ਹਾਂ । ਫੇਰ ਮੈਂ ਆਪਣੀ ਕਲਾ ਨੂੰ ਹੁਣ ਨਾਲੋਂ ਚੰਗੇਰੀ ਦੁਨੀਆਂ ਦੇ ਸੰਕਲਪ ਨੂੰ ਉਜਾਗਰ ਕਰਨ ਲਈ ਕਿਉਂ ਨਾ ਵਰਤਾਂ ? ਇਹ ਸੰਕਲਪ ਮੈਂ ਕਿਸ ਜੁਗਤ ਨਾਲ ਉਜਾਗਰ ਕਰਨਾ ਹੈ, ਇਹ ਮੇਰੇ ਅੰਦਰਲੇ ਕਹਾਣੀਕਾਰ ਦਾ ਕੰਮ ਹੈ, ਪਰ ਜੁਗਤ ਕੋਈ ਵੀ ਹੋਵੇ, ਮੇਰੀ ਹਰ ਰਚਨਾ ਮਨੁੱਖੀ ਕਲਿਆਣ ਨਾਲ ਬੱਝੀ ਹੋਈ ਦਿੱਸੇਗੀ ।

ਮਨੁੱਖੀ ਕਲਿਆਣ ਨਾਲ ਬੱਝੇ ਹੋਣ ਕਰਕੇ ਹੀ ਸੁਜਾਨ ਸਿੰਘ ਸ਼ਾਡੇ ਪਿਆਰ ਤੇ ਸਤਿਕਾਰ ਦਾ ਪਾਤਰ ਹੈ ।

## ਮਾਂ ਬੋਲੀ ਦਾ ਗੁਣਵੰਤ ਲੇਖਕ

**ਡਾ. ਅਤਰ ਸਿੰਘ**

ਸਰਦਾਰ ਸੁਜਾਨ ਸਿੰਘ ਦਾ ਅਭਿਨੰਦਨ ਨਿਸ਼ਕਾਮ ਸਿਰਜਨਾ ਤੇ ਸੱਚੀ ਸੁੱਚੀ ਕਿਰਤ ਦਾ ਅਭਿਨੰਦਨ ਹੈ । ਆਪਣੇ ਪਹਿਲੇ ਕਹਾਣੀ ਸੰਗ੍ਰਹਿ ਦੇ ਪ੍ਰਕਾਸ਼ਨ ਨਾਲ ਹੀ ਸੁਜਾਨ ਸਿੰਘ ਪੰਜਾਬੀ ਕਹਾਣੀਕਾਰਾਂ ਦੀ ਪਹਿਲੀ ਪਾਲ ਵਿਚ ਆ ਰਲਿਆ ਸੀ । ਪਿਛਲੇ ਚਾਰ ਦਹਾਕਿਆਂ ਦੀ ਉਸ ਦੀ ਸਾਹਿਤ ਸਾਧਨਾ ਨੇ, ਨਵੀਨ ਪੰਜਾਬੀ ਸਾਹਿਤ ਨੇ ਇਤਿਹਾਸ ਵਿਚ ਉਸ ਦਾ ਸਥਾਨ ਨਿਸ਼ਚਿਤ ਕਰ ਦਿਤਾ ਹੈ ।

ਸੁਜਾਨ ਸਿੰਘ ਦੀ ਆਸਥਾ ਦੇ ਦੋ ਧੁਰੇ ਹਨ : ਮਾਨਵਵਾਦ ਅਤੇ ਕਰਮਸ਼ੀਲਤਾ । ਉਸ ਨੇ ਆਪਣੀ ਕਲਮ ਰਾਹੀਂ ਉਹੀ ਕਰਮ ਨਿਭਾਇਆ ਹੈ ਜੋ ਕੋਈ ਧਰਮ ਯੋਧਾ ਆਪਣੇ ਸ਼ਸਤਰ ਨਾਲ ਨਿਭਾਉਂਦਾ ਹੈ । ਉਸ ਦੀ ਕਲਾ ਕ੍ਰਿਤ ਦਾ ਆਧਾਰ ਮਨੁੱਖੀ ਵਿਅਕਤਿਤਵ ਤੇ ਰਿਸ਼ਤਿਆਂ ਦੇ ਯਥਾਰਥ ਨੂੰ ਸਮਾਜਕ ਨਿਆਂ ਦੇ ਝਰੋਖੇ 'ਚੋਂ ਵੇਖਣਾ ਅਤੇ ਉਸ ਦੇ ਕੱਚ ਸੱਚ ਨੂੰ ਉਜਾਗਰ ਕਰਨਾ ਹੈ । ਉਸ ਦੇ ਪਾਤਰ ਪਦਾਰਥਕ ਪੱਖ ਤੋਂ ਕਿਤਨੇ ਵੀ ਦੀਨ ਤੇ ਸਾਧਨਹੀਣ ਕਿਉਂ ਨਾ ਹੋਣ, ਉਹ ਮਾਨਵਤਾ ਦੇ ਨਿੱਘ ਅਤੇ ਸਵੈਮਾਨ ਤੋਂ ਸੱਖਣੇ ਨਹੀਂ ਹੁੰਦੇ । ਸੁਜਾਨ ਸਿੰਘ ਪ੍ਰਤਿਬੱਧ ਲੇਖਕ ਹੈ ਤੇ ਉਹ ਵੀ ਪ੍ਰਤਿਬੱਧਤਾ ਦੇ ਬੜੇ ਵਿਸ਼ਾਲ ਅਰਥਾਂ ਵਿਚ । ਉਸ ਦੀ ਰਚਨਾ ਪੰਜਾਬੀ ਸਾਹਿਤ ਦੀ ਪ੍ਰਗਤੀਵਾਦੀ ਧਾਰਾ ਦੀ ਬੜੀ ਸਕਾਰਕਤੇ ਸਾਰਥਕ ਪ੍ਰਾਪਤੀ ਹੈ ਅਤੇ ਪੰਜਾਬੀ ਦੇ ਮਾਨਵਵਾਦੀ ਸਾਹਿਤ ਦਾ ਇਕ ਅਨਿਖੜਵਾਂ ਅੰਗ ਵੀ । ਸਮਾਜਕ ਤੇ ਆਰਥਿਕ ਨਾਬਰਾਬਰੀ, ਭਾਈਚਾਰਕ ਤੇ ਪਰਿਵਾਰਕ ਬੰਧਨ ਅਤੇ ਇਨ੍ਹਾਂ ਵਿਰੁੱਧ ਜੂਝ ਰਹੇ ਮਨੁੱਖਾਂ ਦੀ ਆਜ਼ਾਦੀ ਲਈ ਤੜਪ ਅਤੇ ਆਪਣੀ ਮਾਨਵੀ ਪਛਾਣ ਨੂੰ ਸਥਾਪਿਤ ਕਰਨ ਦੀ ਲੋਚਾ ਅਜਿਹੇ ਵਿਆਪਕ ਆਦਰਸ਼ ਹਨ, ਜਿਨ੍ਹਾਂ ਲਈ ਸੁਜਾਨ ਸਿੰਘ ਪ੍ਰਤਿਬੱਧ ਹੈ । ਪ੍ਰਤਿਬੱਧ ਪ੍ਰਗਵਤੀਵਾਦੀ ਜਾਂ ਜੁਝਾਰ ਲੇਖਕਾਂ ਦੇ ਪ੍ਰਸੰਗ ਵਿਚ ਇਸ ਗੱਲੋਂ ਵੀ ਉਹ ਬਾਕੀਆਂ ਨਾਲੋਂ ਨਿਆਰਾ ਹੈ ਕਿ ਉਹ ਆਪਣੀ ਰਚਨਾ ਦੇ ਸੁਹਜਵਾਦੀ ਪੱਖ ਤੋਂ ਅਚੇਤ ਨਹੀਂ । ਸਗੋਂ ਉਸ ਨੇ ਕਹਾਣੀ ਕਲਾ ਦੇ ਖੇਤਰ ਵਿਚ ਕਈ ਅਜਿਹੇ ਨਵੇਂ ਪ੍ਰਯੋਗ ਕੀਤੇ ਹਨ ਜਿਹੜੇ ਪੰਜਾਬੀ ਕਹਾਣੀ ਵਿਚ ਨਵੇਂ ਝੁਕਾਅ ਬਣ ਕੇ ਪ੍ਰਤੀਭੂਤ ਹੋਏ ਹਨ ।

ਮਾਤ ਬੋਲੀ ਦੇ ਅਜਿਹੇ ਅਨਿਨ ਸੇਵਕ ਅਤੇ ਗੁਣਵੰਤ ਲੇਖਕ ਦਾ ਅਭਿਨੰਦਨ ਇਕ ਬੜਾ ਸ਼ਲਾਘਾ ਯੋਗ ਉਦਮ ਹੈ ।

## ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟ੍ਰਸਟ (ਕੈਨੇਡਾ) ਵੱਲੋਂ ਸਾਹਿਤ-ਸ਼ਰੋਮਣੀ ਸੁਜਾਨ ਸਿੰਘ ਸਨਮਾਨ-ਸਮਾਰੋਹ ਸੁਆਗਤੀ ਭਾਸ਼ਨ

(ਜੋ 1985 ਲਈ ਕੌਮਾਂਤਰੀ ਸਾਹਿਤ-ਸ਼ਰੋਮਣੀ ਮਨਜੀਤ ਯਾਦਗਾਰੀ ਪੁਰਸਕਾਰ ਭੇਟ ਕੀਤੇ ਜਾਣ ਦੇ ਸਬੰਧ ਵਿਚ ਗੁਰੂ ਨਾਨਕ ਲਾਇਬਰੇਰੀ ਜਲੰਧਰ ਵਿਖੇ 29 ਦਸੰਬਰ 1985 ਨੂੰ ਟ੍ਰਸਟ ਦੇ ਜਨਰਲ ਸਕੱਤਰ ਸ੍ਰੀ ਦਰਸ਼ਨ ਗਿੱਲ ਵਲੋਂ ਪੜ੍ਹਿਆ ਗਿਆ)

ਸਤਿਕਾਰ ਯੋਗ ਸੁਜਾਨ ਸਿੰਘ ਜੀਓ,

ਅੱਜ ਅਸੀਂ ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟ੍ਰਸਟ (ਕੈਨੇਡਾ) ਵਲੋਂ, ਕੈਨੇਗਡਾ ਵਿਚ ਵਸਦੇ ਸਮੁੱਚੇ ਭਾਰਤੀ ਭਾਈਚਾਰੇ ਵਲੋਂ ਅਤੇ ਕੌਮਾਂਤਰੀ ਸਾਹਿਤ-ਸੰਸਾਰ ਵਲੋਂ ਤੁਹਾਨੂੰ ਸਤਿਕਾਰ ਭੇਟ ਕਰਨ ਲਈ ਇਕੱਤਰ ਹੋਏ ਹਾਂ ।

ਤੁਸੀਂ ਆਪਣੀ ਉਮਰ ਦੀ ਲਗਪਗ ਅੱਧੀ ਸਦੀ ਪੰਜਾਬੀ ਸਾਹਿਤ ਦੇ ਲੇਖੇ ਲਾਈ ਹੈ । ਤੁਹਾਡੇ ਨਾਂ ਦਾ ਜ਼ਿਕਰ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਹਮੇਸ਼ਾਂ ਲਿਖਿਆ ਮਿਲੇਗਾ । ਇਹ ਤੁਹਾਡੇ ਵਰਗੇ ਸੁਹਿਰਦ ਕਹਾਣੀਕਾਰਾਂ ਦੇ ਯਤਨਾਂ ਦਾ ਹੀ ਸਿੱਟਾ ਹੈ ਕਿ ਅੱਜ ਪੰਜਾਬੀ ਕਹਾਣੀ ਸੰਸਾਰ ਦੀ ਕਹਾਣੀ ਦੇ ਹਾਣ ਦੀ ਬਣ ਖਲੋਤੀ ਹੈ । ਇਸ ਇਤਿਹਾਸਕ ਦੇਣ ਲਈ ਪੰਜਾਬੀ ਸਾਹਿਤ ਤੁਹਾਡਾ ਹਮੇਸ਼ਾਂ ਰਿਣੀ ਰਹੇਗਾ ।

ਤੁਸੀਂ ਹਮੇਸ਼ਾਂ ਸਾਹਿਤਕ, ਵਿਦਿਅਕ ਅਤੇ ਜਨਤਕ ਮਾਮਲਿਆਂ ਨਾਲ ਸਰਗਰਮੀ ਨਾਲ ਜੁੜੇ ਰਹੇ ਹੋ । ਤੁਸੀਂ ਆਪਣੇ ਵਿਸ਼ਵਾਸ਼ਾਂ ਉਤੇ ਦਲੇਰੀ, ਪਕਿਆਈ ਨਿਰਭੈਤਾ ਅਤੇ ਅਡੋਲਤਾ ਨਾਲ ਖੜ੍ਹਨ ਦਾ ਸਾਹਸ ਕੀਤਾ ਹੈ । ਆਰਥਿਕ ਤੌਰ ਉਤੇ ਖਸਾਰਾ ਝੱਲ ਕੇ ਵੀ ਅਗਾਂਹ-ਵਧੂ ਕਦਰਾਂ ਕੀਮਤਾਂ ਨਾਲ ਖਲੋਤੇ ਹੋ । ਦੇਸ਼-ਭਗਤ ਲੋਕਾਂ ਨਾਲ ਜੁੜੇ ਰਹਿਣ ਦਾ ਸਦੀਵੀ ਮਾਣ ਵੀ ਤੁਹਾਨੂੰ ਪ੍ਰਾਪਤ ਹੋਇਆ ਹੈ । ਬਾਬਾ ਸੋਹਣ ਸਿੰਘ ਭਕਨਾ ਅਤੇ ਸਾਥੀ ਸੋਹਣ ਸਿੰਘ ਜੋਸ਼ ਵਰਗੇ ਸਿਰਲੱਥ ਯੋਧਿਆਂ ਦੇ ਨਾਲ ਜੁੜ ਕੇ ਤੁਸੀਂ ਇਤਿਹਾਸਕ ਰੋਲ ਅਦਾ ਕੀਤਾ ਹੈ ।

ਸਾਹਿਤ-ਰਚਨਾ ਤੋਂ ਇਲਾਵਾ ਸਾਹਿਤਕ ਜਥੇਬੰਦੀਆਂ ਦੇ ਸੰਗਠਨ ਅਤੇ ਉਨ੍ਹਾਂ ਦੇ ਕੰਮਕਾਜ ਵਿਚ ਵੀ ਤੁਹਾਡਾ ਯੋਗਦਾਨ ਯਾਦਗਾਰੀ ਰਿਹਾ ਹੈ ।

ਸਾਹਿਤ ਤੋਂ ਬਿਨਾਂ ਵੀ ਤੁਸੀਂ ਆਪਣੇ ਜੀਵਨ ਵਿਚ ਲੋਕਾਂ ਦੇ ਦੁੱਖ ਸੁੱਖ ਵਿਚ ਆਪਣੇ ਲੋਕਾਂ ਨਾਲ ਡਟ ਕੇ ਖੜ੍ਹੇ ਹੋ । ਆਪਣੇ ਦੁੱਖਾਂ ਦੇ ਨਾਲ ਤੁਸੀਂ ਲੋਕਾਂ ਦੇ ਦੁੱਖਾਂ ਨੂੰ ਵੀ ਆਪਣਾ ਸਮਝ ਕੇ ਹੰਢਾਇਆ ਹੈ ਅਤੇ ਦਲੇਰੀ ਨਾਲ ਉਨ੍ਹਾਂ ਦੁੱਖਾਂ ਨੂੰ ਸੁੱਖਾਂ ਵਿਚ ਬਦਲਣ ਲਈ ਉਪਰਾਲੇ ਕੀਤੇ ਹਨ । ਇਸੇ ਕਾਰਨ ਲੋਕ ਤੁਹਾਨੂੰ ਇਕ ਬਾਅਸੂਲ, ਨਿਡਰ, ਲੋਭ-ਰਹਿਤ ਅਤੇ ਕੁਰਬਾਨੀ ਦਾ ਪੁੰਜ ਸਾਥੀ ਸਮਝਦੇ ਹਨ ।

ਇਸਤਰੀ ਜਾਤੀ ਦੀ ਬਰਾਬਰਤਾ ਲਈ ਤੁਸੀਂ ਕਹਾਣੀਆਂ ਵਿਚ ਅਜਿਹੀਆਂ ਇਸਤਰੀ-ਪਾਤਰਾਂ ਦਾ ਚਿਤਰਣ ਕੀਤਾ ਹੈ ਜੋ ਪੰਜਾਬੀ ਸਾਹਿਤ ਵਿਚ ਜੂਝਣ ਵਾਲੀ ਇਸਤਰੀ ਦਾ ਬਿੰਬ ਲੈ ਕੇ ਪੇਸ਼ ਹੋਈਆਂ ਹਨ । ਅਸੀਂ ਸਮਝਦੇ ਹਾਂ ਕਿ ਤੁਹਾਡੇ ਕਸ਼ਟਾਂ ਭਰੇ ਜੀਵਨ ਵਿਚ ਜੋ ਅਹਿਮ ਰੋਲ ਸ੍ਰੀਮਤੀ ਸੁਜਾਨ ਸਿੰਘ ਨੇ ਕੀਤਾ ਹੈ ਉਸ ਲਈ ਅਸੀਂ ਤੁਹਾਡੀ ਜੀਵਨ-ਸਥਾਣ ਨੂੰ ਵੀ ਸਮੁੱਚੇ ਪੰਜਾਬੀ ਸਾਹਿਤ-ਸੰਸਾਰ ਦਾ ਸਿਤਕਾਰ ਭੇਟ ਕਰਦੇ ਹਾਂ ।

ਅਸੀਂ ਤੁਹਾਡੀ ਲੰਮੀ ਉਮਰ ਦੀ ਕਾਮਨਾ ਕਰਦੇ ਹੋਏ ਦੁਆ ਕਰਦੇ ਹਾਂ ਕਿ ਤੁਹਾਡੀ ਕਲਮ ਪੰਜਾਬੀ ਸਾਹਿਤ ਦਾ ਭੰਡਾਰ ਇਸੇ ਤਰ੍ਹਾਂ ਭਰਦੀ ਰਹੇ ਅਤੇ ਪੰਜਾਬੀ ਸਾਹਿਤ ਅਮੀਰੀ ਦੀਆਂ ਸਿਖਰਾਂ ਛੋਂਹਦਾ ਰਵ੍ਹੇ ।

ਇਨ੍ਹਾਂ ਸ਼ਬਦਾਂ ਨਾਲ ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟ੍ਰਸਟ (ਕੈਨੇਡਾ) ਰਾਹੀਂ ਕੈਨੇਡਾ ਦੀ ਭਾਰਤੀ ਭਾਈਚਾਰੇ ਵਲੋਂ ਅਤੇ ਸਮੁੱਚੇ ਪੰਜਾਬੀ ਸਾਹਿਤ-ਸੰਸਾਰ ਵਲੋਂ ਮੈਂ ਇਸ ਸਮਾਗਮ ਵਿਚ ਤੁਹਾਡਾ ਸੁਆਗਤ ਕਰਦਾ ਹਾਂ ਅਤੇ ਹਾਜ਼ਰ ਹੋਏ ਸਭ ਮਹਿਮਾਨਾਂ ਨੂੰ ਜੀ ਆਇਆਂ ਆਖਦਾ ਹਾਂ ।

**ਦਰਸ਼ਨ ਗਿੱਲ**

ਟੁੰਬਦੀ ਹੈ ਮਹਿਕ ਜਦ ਵੀ ਇਕ ਸੋਚ ਇਵੇਂ ਉਭਰੇ
ਕੰਡਿਆਂ 'ਚ ਹੀ ਕਿਉਂ ਕੁਦਰਤ ਹਰ ਰੋਜ਼ ਖਿੜਾਏ ਫੁਲ ।

# ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟ੍ਰਸਟ (ਕੈਨੇਡਾ) ਵਲੋਂ ਛੇਵਾਂ ਕੌਮਾਂਤਰੀ ਮਨਜੀਤ ਯਾਦਗਾਰੀ ਪੁਰਸਕਾਰ ਕਹਾਣੀਕਾਰ ਸੁਜਾਨ ਸਿੰਘ ਨੂੰ ਭੇਟਾ



ਟ੍ਰਸਟ ਦੇ ਜਨਰਲ ਸਕੱਤਰ ਸ੍ਰੀ ਦਰਸ਼ਨ ਗਿੱਲ ਅਤੇ ਮ੍ਰੋ ਸ: ਕਿਹਰ ਸਿੰਘ ਬਾਹੀਆ ਪ੍ਰਿੰਸੀਪਲ ਸੁਜਾਨ ਸਿੰਘ ਨੂੰ ਸਨਮਾਨ ਭੇਟਾ ਕਰਦੇ ਹੋਏ



ਪੰਜਾਬੀ ਲੇਖਕ ਅਤੇ ਸਾਹਿਤ-ਰਸੀਆ ਦਰਸ਼ਕ



ਸ: ਗੁਰਸ਼ਰਨ ਸਿੰਘ ਗੁਰਚਰਨ ਰਾਮਪੁਰੀ ਦੀ ਨਵੀਂ ਪੁਸਤਕ 'ਕਤਲਗਾਹ' ਪ੍ਰੋ: ਨਰੂਲਾ ਨੂੰ ਭੇਟ ਕਰ ਰਹੇ ਹਨ



ਮੋਢੀ ਕਹਾਣੀਕਾਰ ਪ੍ਰਿੰਸੀਪਲ ਸੁਜਾਨ ਸਿੰਘ

## ਜਲੰਧਰ ਵਿਚ ਸੁਜਾਨ ਸਿੰਘ ਸਮਾਰੋਹ

ਜਲੰਧਰ — 29 ਦਸੰਬਰ ਨੂੰ ਸ਼ਾਮ ਦੇ ਡੇਢ ਵਜੇ ਗੁਰੂ ਨਾਨਕ ਜ਼ਿਲਾ ਲਾਇਬਰੇਰੀ ਵਿਚ ਸੁਜਾਨ ਸਿੰਘ ਸਮਾਰੋਹ ਹੋਇਆ ਜਿਸ ਵਿਚ ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟ੍ਰਸਟ (ਕੈਨੇਡਾ) ਵਲੋਂ ਡ ਛੇਵਾਂ ਕੌਮਾਂਤਰੀ ਮਨਜੀਤ ਯਾਦਗਾਰੀ ਪੁਰਸਕਾਰ ਪ੍ਰਿੰਸੀਪਲ ਸੁਜਾਨ ਸਿੰਘ ਨੂੰ ਭੇਟ ਕੀਤਾ ਗਿਆ। ਟ੍ਰਸਟ ਦੇ ਜਨਰਲ ਸਕੱਤਰ ਸ੍ਰੀ ਦਰਸ਼ਨ ਗਿੱਲ ਅਤੇ ਸਵਰਗਵਾਸੀ ਮਨਜੀਤ ਕੌਰ ਗਿੱਲ ਦੇ ਪਿਤਾ ਸ: ਕਿਹਰ ਸਿੰਘ ਬਾਹੀਆ ਸਾਬਕਾ ਜਾਇੰਟ ਰਜਿਸਟਰਾਰ ਪੰਜਾਬ (ਸਹਿਕਾਰੀ ਸਭਾਵਾਂ) ਨੇ ਪਿ ਪ੍ਰਿੰਸੀਪਲ ਸੁਜਾਨ ਸਿੰਘ ਜੀ ਨੂੰ 4100 ਰੁਪਏ ਦੀ ਰਕਮ ਭੇਟਾ ਕੀਤੀ ਅਤੇ ਸ੍ਰੀਮਤੀ ਜੋਗਿੰਦਰ ਕੌਰ ਸੁਪਤਨੀ ਪ੍ਰਿੰਸੀਪਲ ਸੁਜਾਨ ਸਿੰਘ ਨੂੰ ਸ਼ਾਲ ਭੇਟ ਕੀਤਾ ਗਿਆ।

ਸਮਾਗਮ ਵਿਚ 200 ਤੋਂ ਵੱਧ ਪੰਜਾਬੀ ਲੇਖਕਾਂ ਅਤੇ ਸਾਹਿਤ-ਰਸੀਆਂ ਨੇ ਭਾਗ ਲਿਆ। ਅੰਮ੍ਰਿਤਸਰ ਦੇ ਨਾਟਕ ਕਲਾ ਕੇਂਦਰ ਦੀ ਟੀਮ ਦੇ ਫੈਜ਼ ਅਹਿਮਦ ਫੈਜ਼ ਦੇ ਗੀਤ 'ਸਾਰੀ ਦੁਨੀਆਂ ਮੰਗਾਂਗੇ' ਨਾਲ ਸਮਾਗਮ ਦਾ ਆਰੰਭ ਹੋਇਆ। ਟ੍ਰਸਟ ਦੇ ਮੈਂਬਰ ਪ੍ਰੋ: ਦਰਸ਼ਨ ਸਿੰਘ ਨੱਤ ਨੇ ਟ੍ਰਸਟ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਤੋਂ ਬਾਂਹਰ ਸਥਾਪਤ ਹੋਇਆ ਇਹ ਪਹਿਲਾ ਪੁਰਸਕਾਰ ਹੈ।

ਪ੍ਰਸਿੱਧ ਨਾਟਕਕਾਰ ਸ: ਗੁਰਸ਼ਰਨ ਸਿੰਘ ਨੇ ਐਵਾਰਡ ਬਾਰੇ ਬੋਲਦਿਆਂ ਕਿਹਾ ਕਿ ਇਸ ਐਵਾਰਡ ਨਾਲਅ ਜੋ ਭਾਵਨਾਵਾਂ ਜੁੜੀਆਂ ਹੋਈਆਂ ਹਨ ਉਨ੍ਹਾਂ ਕਾਰਨ ਇਹ ਐਵਾਰਡ ਸਤਿਕਾਰ ਦੀ ਨਜ਼ਰ ਨਾਲ ਪੰਜਾਬੀ ਸਾਹਿਤ ਸੰਸਾਰ ਵਿਚ ਜਾਣਿਆ ਜਾਦਾ ਹੈ।

ਪ੍ਰਸਿੱਧ ਨਾਵਲਕਾਰ ਪ੍ਰੋ: ਸੁਰਿੰਦਰ ਸਿੰਘ ਨਰੂਲਾ ਨੇ ਪ੍ਰਿੰਸੀਪਲ ਸੁਜਾਨ ਸਿੰਘ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਸਾਡੇ ਮੋਢੀ ਕਹਾਣੀਕਾਰ ਹਨ ਜਿਨ੍ਹਾਂ ਨੇ ਕਿਰਤੀ ਲੋਕਾਂ ਦਾ ਸਾਥ ਹਮੇਸ਼ਾਂ ਦਿਤਾ ਹੈ। ਉਨ੍ਹਾਂ ਕਿਹਾ ਕਿਹਣੀ ਤੇ ਕਰਨੀ ਵਿਚ ਸੁਜਾਨ ਸਿੰਘ ਦਾ ਕੋਈ ਸਾਹਿਤਕਾਰ ਸਾਨੀ ਨਹੀਂ।

ਪ੍ਰੋ: ਪਿਆਰਾ ਸਿੰਘ ਭੋਗਲ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਪ੍ਰਧਾਨਗੀ ਮੰਡਲ ਵਿਚ ਸ: ਗੁਰਸ਼ਰਨ ਸਿੰਘ ਪ੍ਰੋ: ਸੁਰਿੰਦਰ ਸਿੰਘ ਨਰੂਲਾ, ਕਹਾਣੀਕਾਰ ਜਸਵੰਤ ਸਿੰਘ ਵਿਰਦੀ ਸ਼ਾਮਲ ਸਨ। ਇਸ ਸਮਾਗਮ ਵਿਚ ਸਹਿਯੋਗ ਪੰਜਾਬੀ ਲੇਖਕ ਸਭਾ ਜਲੰਧਰ ਨੇ ਦਿਤਾ ਅਤੇ ਕੁਲਦੀਪ ਸਿੰਘ ਬੇਦੀ ਨੇ ਸਮਾਗਮ ਨੂੰ ਕਾਮਯਾਬ ਕਰਨ ਵਿਚ ਪੂਰਾ ਹਿੱਸਾ ਪਾਇਆ।

ਪ੍ਰੋ: ਭੋਗਲ ਨੇ ਪੰਜਾਬੀ ਦੇ ਰੋਜ਼ਾਨਾ ਪੱਤਰਾਂ ਅਜੀਤ, ਪੰਜਾਬੀ ਟ੍ਰਿਬਿਊਨ, ਜੱਗਬਾਣੀ, ਨਵਾਂ ਜ਼ਮਾਨਾ ਅਤੇ ਲੋਕ ਲਹਿਰ ਦਾ ਧੰਨਵਾਦ ਵੀ ਕੀਤਾ ਜਿਨ੍ਹਾਂ ਨੇ ਸਨਮਾਨ ਸਮਾਗਮ ਸਮੇਂ 29 ਦਸੰਬਰ ਨੂੰ ਵਿਸ਼ੇਸ਼ ਲੇਖ ਟਟਸਟ ਦੇ ਸਮਾਗਮ ਬਾਰੇ ਛਾਪੇ।

ਸਮਾਗਮ ਉਤੇ ਪ੍ਰਸਿਧ ਲੰਜਾਬੀ ਕਵੀ ਅਤੇ ਟ੍ਰਸਟ ਦੇ ਪ੍ਰਧਾਨ ਸ੍ਰੀ ਗੁਰਚਰਨ ਰਾਮਪੁਰੀ ਦੀ ਨਵੀਂ ਤਪੀ ਪੁਸਤਕ 'ਕਤਲਗਾਹ' ਰੀਲੀਜ਼ ਕੀਤੀ ਗਈ। ਪੁਸਤਕ ਦੇ ਪ੍ਰਕਾਸ਼ਕ ਸ: ਗੁਰਸ਼ਰਨ ਸਿੰਘ ਨੇ 'ਕਤਲਗਾਹ' ਦੀ ਇਕ ਕਾਪੀ ਪ੍ਰੋ: ਸੁਰਿੰਦਰ ਸਿੰਘ ਨਰੂਲਾ ਨੂੰ ਭੇਟ ਕੀਤੀ।

ਟ੍ਰਸਟ ਵਲੋਂ ਛਾਪੀ ਗਈ ਪੁਸਤਕ 'ਸੁਜਾਨ ਸਿੰਘ' ਟ੍ਰਸਟ ਦੇ ਮੈਂਬਰ ਸ੍ਰੀ ਦਰਸ਼ਨ ਨੱਤ ਨੇ ਪ੍ਰਿੰਸੀਪਲ ਸੁਜਾਨ ਸਿੰਘ ਜੀ ਨੂੰ ਭੇਟ ਕੀਤੀ। ਟ੍ਰਸਟ ਹੁਣ ਤੱਕ ਚਾਰ ਪੁਸਤਕਾਂ ਸੋਹਣ ਸਿੰਘ ਜੋਸ਼, ਸੰਤੋਖ ਸਿੰਘ ਧੀਰ ਅਤੇ ਗੁਰਸ਼ਰਨ ਸਿੰਘ ਅਤੇ ਸੁਜਾਨ ਸਿੰਘ ਬਾਰੇ ਛਾਪ ਚੁਕਾ ਹੈ।ਠ ਟ੍ਰਸਟ ਵਲੋਂ ਹੀ ਛਪੀ ਪੁਸਤਕ 'ਬਲਡਦੇ 'ਬਲਦੇ ਬੋਲ' ਜੋ ਨਸਲਵਾਦ ਵਿਰੋਧੀ ਕਵਿਤਾਵਾਂ ਦਾ ਸੰਗ੍ਰਹਿ ਹੈ ਸੰਪਾਦਕ ਦਰਸ਼ਨ ਗਿੱਲ ਵਲੋਂ ਗੁਰਸ਼ਰਨ ਸਿੰਘ ਹੋਰਾਂ ਨੂੰ ਭੇਂਟ ਕੀਤੀ ਗਈ।

---

ਧਰਤੀ ਦੀ ਵੀ ਛੋਹ ਜਿਸ ਨੂੰ ਆਨੰਦ ਨਹੀਂ ਦੇਂਦੀ
ਕਿਉਂ ਕੋਈ ਭਲਾ ਉਸਦੇ ਕਦਮਾਂ 'ਚ ਵਿਛਾਏ ਫੁਲ।

---

### ਅਜੀਤ ਕੁਮਾਰ

ਬੇਈਮਾਨੀ ਦੀ ਸਰਦਾਰੀ ਸ਼ਹਿਰਾਂ ਵਿਚ।
ਦਿਆਨਤਦਾਰੀ ਅਬਲਾ ਜੈਸੀ ਸ਼ਹਿਰਾਂ ਵਿਚ।

ਪਿੰਡਾਂ ਵਿਚ ਵੀ ਲਗਦੀ ਹੈ ਪਰ ਪਸ਼ੂਆਂ ਦੀ
ਮਜ਼ਦੂਰਾਂ ਦੀ ਮੰਡੀ ਲਗਦੀ ਸ਼ਹਿਰਾਂ ਵਿਚ।

ਉਂਜ ਤੇ ਰਾਤਾਂ ਵੀ ਦਿਨ ਵਾਂਗੂੰ ਚਿਟੀਆਂ ਨੇ
ਨੇਰ੍ਹ ਪਿਆ ਹੀ ਰਹਿੰਦੈ ਫਿਰ ਵੀ ਸ਼ਹਿਰਾਂ ਵਿਚ।

ਕਾਲੇ ਪੀਲੇ ਚਿੱਟੇ ਚਿਹਰੇ ਤਾਂ ਹਨ ਪਰ
ਲਾਲੀ ਕਿਧਰੇ ਵੀ ਨਹੀਂ ਦਿਸਦੀ ਸ਼ਹਿਰਾਂ ਵਿਚ।

ਰੌਲਾ ਰੱਪਾ ਸ਼ੋਰ ਸ਼ਰਾਬਾ ਹਰ ਪਾਸੇ
ਐਪਰ ਸੁੰਨੀ ਦਿਲ ਦੀ ਬਸਤੀ ਸ਼ਹਿਰਾਂ ਵਿਚ।

ਗੁੰਡਾਗਰਦੀ ਬੁਰਛਾਗਰਦੀ ਸੜਕਾਂ ਤੇ
ਦੇਖ ਸ਼ਰਾਫਤ ਸਹਿਮੀ ਸਹਿਮੀ ਸ਼ਹਿਰਾਂ ਵਿਚ।

ਕਿਸੇ ਮੁਹੱਲੇ ਕਿਸੇ ਗਲੀ ਵਿਚ ਨਹੀਂ ਮਿਲੀ
ਸ਼ਰਮ ਹਯਾ ਜਦ ਜਦ ਵੀ ਢੂੰਡੀ ਸ਼ਹਿਰਾਂ ਵਿਚ।

ਸ਼ਹਿਰਾਂ ਵਿਚ ਹਰ ਸ਼ੈਅ ਹੀ ਮਹਿੰਗੀ ਵਿਕਦੀ ਹੈ
ਕੇਵਲ ਮਿਹਨਤ ਸਸਤੀ ਦੇਖੀ ਸ਼ਹਿਰਾਂ ਵਿਚ।

ਬਾਕੀ ਸਾਰੇ ਰਿਸ਼ਤੇ ਨਾਤੇ ਟੁਟ ਗਏ
ਖੁਦਗਰਜ਼ੀ ਦੀ ਰਿਸ਼ਤੇਦਾਰੀ ਸ਼ਹਿਰਾਂ ਵਿਚ।

ਰੋਜ਼ ਦਿਲਾਂ ਵਿਚ ਨਫਰਤ ਦੀ ਅਗ ਭੜਕਾਕੇ
ਅਗ ਲਾਉਂਦੀ ਅਖਬਾਰ ਦੀ ਸੁਰਖੀ ਸ਼ਹਿਰਾਂ ਵਿਚ।

(ਸਫ਼ਾ 11 ਦੀ ਬਾਕੀ)

"ਫੇਰ ਉਹਨੇ ਕੀ ਕਿਹਾ ?"

"ਕੁਲਵੰਤ ਨੇ ਹੱਸ ਕੇ ਕਿਹਾ ਸੀ —"ਇਹ ਗੱਲ ਹੁਣ ਮੇਰੇ ਬੱਚਿਆਂ ਨੂੰ ਵੀ ਤਾਂ ਕਹੋ।... ਨਾਲੇ ਬਾਊ ਜੀ ਹੁਣ ਕੱਲੇ ਮੇਰੇ ਹੀ ਤਾਂ ਨਹੀਂ.. ਤੁਸੀਂ ਵੀ ਤਾਂ ਕੁਝ ਕਰੋ।"

"ਕੁਲਵੰਤ ਦੀ ਗੱਲ ਤਾਂ ਠੀਕ ਐ।" ਯੋਗੀ ਨੇ ਕਿਹਾ ਸੀ ...।

ਅਸੀਂ ਸੁਜਾਨ ਸਿੰਘ ਹੋਰਾਂ ਦੇ ਘਰ ਦੋ ਵਾਰ ਜਾ ਆਏ ਸਾਂ, ਪਰ ਉਹ ਹਾਲੇ ਤਕ ਵੀ ਨਹੀਂ ਸਨ ਆਏ ਅਤੇ ਅਸੀਂ ਗੁਰਦਾਸਪੁਰ ਦੇ ਇਕੋ ਹੀ ਬਾਜ਼ਾਰ ਦਾ ਦੋ ਵਾਰ ਚੱਕਰ ਲਾ ਕੇ ਫੇਰ ਉਥੇ ਹੀ ਪੁਜ ਗਏ ਸਾਂ, ਜਿਥੇ ਸੜਕ ਦੇ ਕਿਨਾਰੇ ਇਕ ਮਾਮੂਲੀ ਜਿਹੇ ਘਰ ਦੇ ਦਰਵਾਜ਼ੇ 'ਤੇ ਪ੍ਰਿ: ਸੁਜਾਨ ਸਿੰਘ ਦੀ ਤਖਤੀ ਲਟਕ ਰਹੀ ਸੀ।

ਉਦੋਂ ਪੰਜਾਬੀ ਸਾਹਿਤ ਸਭਾ ਵਲੋਂ ਸ਼ਾਮੀਂ ਕਹਾਣੀ ਗੋਸ਼ਟੀ ਸੀ, ਅਤੇ ਮੈਂ ਦੁਪਹਿਰ ਤੋਂ ਵੀ ਪਹਿਲਾਂ ਹੀ ਗੁਰਦਾਸਪੁਰ ਪੁਜ ਗਿਆ ਸਾਂ। ਗੁਰਦਾਸਪੁਰ ਦੇ ਦੋਸਤਾਂ ਵਿਚੋਂ ਕਿਰਪਾਲ ਸਿੰਘ ਯੋਗੀ ਮੇਰਾ ਦਿੱਲੀ ਦਾ ਦੋਸਤ ਸੀ, ਜਿਸ ਨਾਲ ਮੈਂ ਬੜੇ ਲੰਮੇ ਵਕਫੇ ਮਗਰੋਂ ਗੁਫਤਗੂ ਕਰ ਰਿਹਾ ਸਾਂ। ਕਲਾਕਾਰ ਬੀਬਾ ਬਲਵੰਤ ਚੰਡੀਗੜ੍ਹ ਦਾ ਮਿਤਰ ਸੀ, ਅਤੇ ਸੁਜਾਨ ਸਿੰਘ ਨੂੰ ਤਾਂ ਮੈਂ ਸਦਾ ਹੀ ਆਪਣੇ ਅੰਗ-ਸੰਗ ਮਹਿਸੂਸ ਕੀਤਾ ਹੈ। 1952 ਵਿਚ ਜਦੋਂ ਮੈਂ ਗਿਆਨੀ ਦਾ ਇਮਤਿਹਾਨ ਦਿਤਾ, ਤਾਂ ਸੁਜਾਨ ਸਿੰਘ ਦੀ ਪੁਸਤਕ 'ਦੁਖ ਸੁਖ' ਕੋਰਸ ਵਿਚ ਸੀ। 'ਦੁਖ ਸੁਖ' ਸੰਗ੍ਰਹਿ ਵਿਚਲੀਆਂ ਕਹਾਣੀਆਂ 'ਲੁਕਣ ਮੀਟੀ', ਤੇ 'ਰਾਸਲੀਲਾ' ਨੇ ਮੈਨੂੰ ਬੇਹੱਦ ਪ੍ਰਭਾਵਿਤ ਕੀਤਾ ਸੀ। ਹਾਂ, 'ਭੁਲੇਖਾ' ਕਹਾਣੀ ਵਿਚਲੀ ਗੁੰਝਲ ਉਦੋਂ ਮੈਨੂੰ ਸਮਝ ਨਹੀਂ ਸੀ ਆਈ। ਪਰ ਇਹ ਹਕੀਕਤ ਹੈ ਕਿ ਸੁਜਾਨ ਸਿੰਘ ਦੀਆਂ ਕਹਾਣੀਆਂ ਨੇ ਮੇਰੇ ਮਨ ਵਿਚ ਇਸ ਤਰ੍ਹਾਂ ਦੀ ਚੰਗਿਆੜੀ ਜ਼ਰੂਰ ਸੁਲਗਾ ਦਿਤੀ ਸੀ—ਕੀ ਕਦੀ ਮੈਂ ਵੀ ਕਹਾਣੀ ਲਿਖ ਸਕਾਂਗਾ। ਇਸ ਦਾ ਕਾਰਨ ਸ਼ਾਇਦ ਇਹ ਹੋਵੇ ਕਿ ਸੁਜਾਨ ਸਿੰਘ ਦੀਆਂ ਕਹਾਣੀਆਂ ਬਹੁਤ ਹੀ ਸਾਦੇ ਅੰਦਾਜ਼ ਵਿਚ ਲਿਖੀਆਂ ਗਈਆਂ ਹਨ, ਅਤੇ ਉਨ੍ਹਾਂ ਨੂੰ ਪੜ੍ਹਦਿਆਂ ਹੋਇਆਂ ਸਹਿਜੇ ਹੀ ਇਸ ਗੱਲ ਦੀ ਸਮਝ ਆ ਜਾਂਦੀ ਹੈ ਕਿ ਇਹ ਕਹਾਣੀਆਂ ਇਕ ਈਮਾਨਦਾਰ ਅਤੇ ਸਿਦਕਵਾਨ ਲੇਖਕ ਦੀ ਸਿਰਜਣਾ ਹਨ, ਜਦੋਂ ਕਿ ਸੇਖੋਂ ਦੀ ਕਹਾਣੀ ਪੜ੍ਹ ਕੇ ਇਹ ਗੱਲ ਨਹੀਂ ਸੀ ਮਹਿਸੂਸ ਹੁੰਦੀ। ਅਜ ਮੈਂ ਸੋਚਦਾ ਹਾਂ ਕਿ ਪਾਠਕਾਂ ਨੂੰ ਜਿੰਨੀ ਲੇਖਕ ਦੀ ਈਮਾਨਦਾਰੀ ਤੇ ਸਿਦਕਦਿਲੀ ਪ੍ਰਭਾਵਿਤ ਕਰਦੀ ਹੈ, ਹੋਰ ਕੋਈ ਚੀਜ਼ ਨਹੀਂ ਕਰਦੀ। ਪਰ ਅਜ ਸਾਡੇ ਕੋਲ ਹੋਰ ਸਭ ਕੁਝ ਹੀ ਹੈ, ਬਸ ਕੇਵਲ ਈਮਾਨਦਾਰੀ ਹੀ ਨਹੀਂ ਰਹੀ। ਦਲੇਰੀ ਵੀ ਨਹੀਂ।

ਸੁਜਾਨ ਸਿੰਘ ਦੀਆਂ ਕਹਾਣੀਆਂ ਨੂੰ ਪੜ੍ਹ ਕੇ, ਲੇਖਕ ਦਾ ਜਿਹੜਾ ਇਮੇਜ ਸਾਡੇ ਸਾਹਮਣੇ ਸਾਕਾਰ ਹੁੰਦਾ ਹੈ, ਉਹ ਇਕ ਬਹੁਤ ਹੀ ਹਸਾਸ ਲੇਖਕ ਦਾ ਇਮੇਜ ਹੈ : ਸੁਜਾਨ ਸਿੰਘ ਕਾਫੀ ਸਮੇਂ ਤਕ ਬੰਗਾਲ ਦੇ ਵਾਤਾਵਰਣ ਵਿਚ ਰਿਹਾ ਹੈ, ਜਿਸ ਕਰਕੇ ਬੰਗਲਾ ਸਾਹਿਤ ਦੇ ਹਸਾਸ ਤੱਤ ਨੇ ਉਸ ਨੂੰ ਕਾਫੀ ਪ੍ਰਭਾਵਿਤ ਕੀਤਾ ਹੈ। ਬੰਗਾਲੀ ਲੋਕ ਤਾਂ ਫਿਲਮਾਂ ਵਿਚ ਵੀ ਕਾਫੀ ਹਸਾਸ ਹਨ, ਜਦੋਂ ਕਿ ਸਾਡੇ ਪੰਜਾਬੀ ਫਿਲਮਾਂ ਵਿਚ ਜਦ ਤਕ ਧੀਆਂ ਭੈਣਾਂ ਨੂੰ ਨੰਗੀਆਂ ਕਰਕੇ ਨਾ ਨਚਾ ਲੈਣ, ਉਨ੍ਹਾਂ ਦੀ ਤਸੱਲੀ ਨਹੀਂ ਹੁੰਦੀ।

● ● ● ●

ਸੁਜਾਨ ਸਿੰਘ ਹੋਰਾਂ ਨਾਲ ਮੇਰੀ ਪਹਿਲੀ ਮੁਲਾਕਾਤ 1957 ਵਿਚ ਹੋਈ ਸੀ, ਉਦੋਂ ਮੈਂ ਗੌਰਮਿੰਟ ਟੀਚਿੰਗ ਟਰੇਨਿੰਗ ਕਾਲਜ ਜਲੰਧਰ ਵਿਚ ਬੀ. ਟੀ. ਕਰਦਾ ਸਾਂ, ਅਤੇ ਉਹ ਆਪਣੇ ਕਾਲਜ ਦੀ ਕ੍ਰਿਕਿਟ ਟੀਮ ਲੈ ਕੇ ਆਏ ਹੋਏ ਸਨ। ਮੈਂ ਵੇਖਿਆ ਸੀ—ਇਕ ਉਚਾ ਲੰਮਾ ਸਰੀਰ, ਪੂਰੀ ਤਰ੍ਹਾਂ ਨਿੱਗਰ ਤੇ ਗੰਭੀਰ, ਪਰ ਕਹਿਕਹੇ ਲਾ ਰਿਹਾ। ਉਦੋਂ ਮੈਂ ਹਾਲੇ ਲਿਖਣਾ ਸ਼ੁਰੂ ਹੀ ਕੀਤਾ ਸੀ। ਸੁਜਾਨ ਸਿੰਘ ਨੇ ਜਾਣ ਬੁਝ ਕੇ ਕਿਹਾ ਸੀ—

"ਕਹਾਣੀ ਲਿਖੋ, ਇਹ ਚੰਗੀ ਗੱਲ ਹੈ। ਸਾਡੇ ਕੋਲ ਕਹਾਣੀ ਲਿਖਣ ਵਾਲੇ ਲੇਖਕ ਥੋੜ੍ਹੇ ਹਨ ...।" ਫੇਰ ਉਨ੍ਹਾਂ ਨੇ ਆਪਣੇ ਜੀਵਨ ਦੇ ਕਈ ਬਹੁਤ ਹੀ ਦਿਲਚਸਪ ਤਜਰਬੇ ਸੁਣਾਏ, ਅਤੇ ਲਿਖਣ ਬਾਰੇ ਕਈ ਨੁਕਤੇ ਵੀ ਦਸੇ। ਪਰ, ਬਦਕਿਸਮਤੀ ਨਾਲ ਉਨ੍ਹਾਂ ਵਿਚੋਂ ਮੈਨੂੰ ਹੁਣ ਕੁਝ ਵੀ ਚੇਤੇ ਨਹੀਂ ਰਿਹਾ। ਹਾਂ, ਚੇਤੇ ਏਨੀ ਗੱਲ ਹੀ ਰਹੀ—"ਹਰ ਤਰ੍ਹਾਂ ਦੇ ਵਿਰੋਧੀ ਹਾਲਾਤ ਵਿਚ ਵੀ ਲਿਖਿਆ ਜਾ ਸਕਦਾ ਹੈ।" ਦੋਸਤ ਜਾਣਦੇ ਹੀ ਨੇ, ਸੁਜਾਨ ਸਿੰਘ ਨੇ ਆਪਣੇ ਇਸ ਕਥਨ ਨੂੰ ਪੂਰੀ ਤਰ੍ਹਾਂ ਆਪਣੇ ਜੀਵਨ ਤੇ ਢੁਕਾਇਆ ਹੈ।

ਸੁਜਾਨ ਸਿੰਘ ਦੀ ਗੁਫਤਗੂ ਵਿਚ ਇਕ ਖਲੂਸ ਹੈ ਜੋ ਕਿ ਹਰ ਬੰਦੇ ਨੂੰ ਮੋਹ ਲੈਂਦਾ ਹੈ। ਉਹ ਗੱਲਾਂ ਬਹੁਤ ਘੱਟ ਕਰਦਾ ਹੈ, ਬਹੁਤੀਆਂ ਦੂਸਰਿਆਂ ਦੀ ਹੀ ਸੁਣਦਾ ਹੈ, ਅਤੇ ਅੰਦਰੋਂ-ਬਾਹਰੋਂ ਇਸ ਤਰ੍ਹਾਂ ਦਾ ਪ੍ਰਭਾਵ ਪਾਉਂਦਾ ਹੈ, ਜਿਵੇਂ ਕਿ ਉਹ ਬਹੁਤ ਹੀ ਸਾਧਾਰਨ ਲੇਖਕ ਹੋਵੇ। (ਇਸ ਨਾਲ ਦੂਸਰਿਆਂ ਵਿਚ ਹੀਨ ਭਾਵ ਨਹੀਂ ਪੈਦਾ ਹੁੰਦਾ) ਹਾਲਾਂਕਿ ਹਕੀਕਤ ਵਿਚ ਉਹ ਬਹੁਤ ਮਹਾਨ ਲੇਖਕ ਅਤੇ ਇਨਸਾਨ ਹੈ। ਮਹਾਨਤਾ ਸ਼ਾਇਦ ਸਾਦਗੀ ਵਿਚ ਹੀ ਹੈ !

ਜਦੋਂ ਮੈਂ ਘਰੋਂ ਗੁਰਦਾਸਪੁਰ ਲਈ ਟੁਰਿਆ ਸਾਂ ਤਾਂ ਮੇਰਾ ਮਨ ਖੁਸ਼ ਨਹੀਂ ਸੀ ਪਤਾ ਨਹੀਂ ਕੀ ਗੱਲ ਹੈ, ਮੈਂ ਪਿਛਲੇ ਕੁਝ ਵਰ੍ਹਿਆਂ ਤੋਂ ਇਹ ਗੱਲ ਮਹਿਸੂਸ ਕਰਨ ਲੱਗ ਪਿਆ ਹਾਂ ਕਿ ਸਾਡੇ ਲੇਖਕ ਜਦੋਂ ਵੀ ਇਕੱਠੇ ਹੁੰਦੇ ਹਨ, ਸਿਵਾਏ ਹੋ-ਹੱਲੇ ਦੇ ਹੋਰ ਕੁਝ ਨਹੀਂ ਕਰਦੇ। ਰੱਬ ਕਰੇ ਮੇਰੀ ਇਹ ਗੱਲ ਪੂ ਰੀ ਤਰ੍ਹਾਂ ਸੱਚੀ ਨਾ ਹੋਵੇ ਪਰ ਮੈਂ ਮਹਿਸੂਸ ਜ਼ਰੂਰ ਕਰਦਾ ਹਾਂ। ਮੈਂ ਸੁਜਾਨ ਸਿੰਘ ਨੂੰ ਮਿਲ ਕੇ ਇਹ ਗੱਲ ਸਾਂਝੀ ਕਰਨੀ ਚਾਹੁੰਦਾ ਸਾਂ ਕਿ ਉਨ੍ਹਾਂ ਨੇ ਜ਼ਿੰਦਗੀ ਦੇ ਪੰਜਾਹ ਵਰ੍ਹੇ ਲਿਖਦਿਆਂ ਹੋਇਆਂ ਕਿਵੇਂ ਖਾਮੋਸ਼ੀ ਨਾਲ ਗੁਜ਼ਾਰ ਲਏ, ਜਦੋਂ ਕਿ ਅਜ ਦੇ ਲੇਖਕ ਤਾਂ ਢਾਈ ਕਹਾਣੀ ਲਿਖ ਕੇ ਹੀ ਆਸਮਾਨ ਸਿਰ ਤੇ ਚੁਕੀ ਫਿਰਦੇ ਹਨ ! ਉਸ ਵੇਲੇ ਮੈਂ ਇਹ ਵੀ ਸੋਚ ਰਿਹਾ ਸਾਂ ਕਿ ਸੁਜਾਨ ਸਿੰਘ ਨੇ ਕਿੰਨੀ ਸਾਦਗੀ ਪਰ ਸ਼ਿੱਦਤ ਨਾਲ 'ਪਠਾਨ ਦੀਧੀ' ਤੇ 'ਕੁਲਫੀ' ਵਰਗੀਆਂ ਕਹਾਣੀਆਂ ਲਿਖੀਆਂ ਹਨ। ਅਜ ਦਾ ਲੇਖਕ ਤਾਂ ਘਗਰੀ 'ਚੋਂ ਹੀ ਬਾਹਰ ਨਹੀਂ ਨਿਕਲਣਾ ਚਾਹੁੰਦਾ। ਅਤੇ ਚਰਚਾ ?.. ਚਰਚਾ ਸੁਜਾਨ ਸਿੰਘ ਦੀ ਏਨੀ ਨਹੀਂ ਹੋਈ, ਜਿੰਨੀ ਕਿ ਘਗਰੀ ਬਾਰੇ ਲਿਖਣ ਵਾਲਿਆਂ ਦੀ ਹੋ ਰਹੀ ਹੈ।

● ● ● ●

ਪਰ ਸੁਜਾਨ ਸਿੰਘ ਨੂੰ ਕੋਈ ਪਰਵਾਹ ਨਹੀਂ, ਚਿੰਤਾ ਨਹੀਂ। ਉਹ ਚਰਚਾ ਦੀਆਂ ਘਾਂਗਲਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ। ਸਗੋਂ ਕਈ ਵਾਰ ਬਹੁਤ ਵੱਡਾ ਮਖੌਲ ਵੀ ਕਰ ਜਾਂਦਾ ਹੈ।

ਉਸ ਵੇਲੇ ਮੈਨੂੰ ਸੁਜਾਨ ਸਿੰਘ ਦੀ ਇਕ ਅੰਮ੍ਰਿਤਸਰੀ ਭਾਪੇ ਪ੍ਰਕਾਸ਼ਕ ਨਾਲ ਹੋਈ ਮੁਕੱਦਮੇਬਾਜ਼ੀ ਵੀ ਚੇਤੇ ਆਈ।

ਦੇਸ਼ ਦੇ ਸੁਤੰਤਰ ਹੋਣ ਉਪਰੰਤ ਸੁਜਾਨ ਸਿੰਘ ਸ਼ਾਇਦ ਪਹਿਲਾ ਲੇਖਕ ਹੈ, ਜਿਸ ਨੇ ਕਾਪਰਾਈਟ ਐਕਟ ਅਧੀਨ ਪ੍ਰਕਾਸ਼ਕ ਨਾਲ ਲੜ ਕੇ ਜਿੱਤ ਪ੍ਰਾਪਤ ਕੀਤੀ ਅਤੇ ਲੇਖਕ ਦੇ ਵੱਕਾਰ ਨੂੰ ਬੁਲੰਦ ਕਰੀ ਰੱਖਿਆ। ਗੱਲ ਇਸ ਤਰ੍ਹਾਂ ਹੈ ਕਿ ਇਕ ਵਾਰ ਸੁਜਾਨ ਸਿੰਘ ਦੇ ਅੰਮ੍ਰਿਤਸਰੀ ਭਾਪੇ ਪ੍ਰਕਾਸ਼ਕ ਨੇ ਉਹਨੂੰ ਲਿਖਿਆ ਕਿ ਉਹ ਰਾਇਲਟੀ ਨਹੀਂ ਦੇ ਸਕਦਾ, ਕਿਉਂਕਿ ਕੰਗਾਲ ਹੋ ਗਿਆ ਹੈ। ਜਵਾਬ 'ਚ ਸੁਜਾਨ ਸਿੰਘ ਨੇ ਕਾਰਡ ਲਿਖਿਆ ਕਿ ਜਦੋਂ ਤਕ ਉਹਦੀ ਕੰਗਾਲੀ ਦੂਰ ਨਾ ਹੋ ਜਾਵੇ, ਉਹ ਉਸ ਕੋਲੋਂ ਰਾਇਲਟੀ ਨਹੀਂ ਲਵੇਗਾ !

ਕਈ ਵਰ੍ਹੇ ਬੀਤ ਗਏ, ਪਰ ਅੰਮ੍ਰਿਤਸਰ ਭਾਪੇ ਨੇ ਕੋਈ ਰਾਇਲਟੀ ਨਾ ਦਿਤੀ ' ਸਗੋਂ ਉਹਨੇ ਸੁਜਾਨ ਸਿੰਘ ਦੇ ਕਾਰਡ ਦੀ ਫੋਟੋ ਖਿਚਵਾ ਕੇ ਦੁਕਾਨ ਵਿਚ ਲਾ ਲਈ ਤਾਂ ਕਿ ਹੋਰ ਲੇਖਕ ਵੀ ਸੁਜਾਨ ਸਿੰਘ ਤੋਂ ਸਬਕ ਸਿਖਣ, ਤੇ ਉਦਾਰ ਬਣਨ।

ਜਦੋਂ ਸੁਜਾਨ ਸਿੰਘ ਦੇ ਇਕ ਵਕੀਲ ਦੋਸਤ ਨੂੰ ਪਤਾ ਲੱਗਾ ਤਾਂ ਉਹਨੇ ਕਿਹਾ—"ਇਕ ਪੁਸਤਕ ਕਵੀ ਦੀ ਪ੍ਰਾਪਰਟੀ ਵਾਂਗ ਹੁੰਦੀ ਹੈ। ਕਿਸੇ ਨੂੰ ਖਤ ਲਿਖਣ ਨਾਲ ਹੀ ਇਹਦੇ ਅਧਿਕਾਰ ਨਹੀਂ ਦਿਤੇ ਜਾ ਸਕਦੇ। ਅਧਿਕਾਰ ਲੈਣ ਤੇ ਦੇਣ ਲਈ ਬਾਕਾਇਦਾ ਕੋਰਟ ਪੇਪਰ ਤੇ ਡੀਡ ਕਰਨੀ ਪੈਂਦੀ ਹੈ।"

ਜਦੋਂ ਉਸ ਵਕੀਲ ਦੋਸਤ ਨੇ ਸੁਜਾਨ ਸਿੰਘ ਵਲੋਂ ਉਸ ਅੰਮ੍ਰਿਤਸਾਰੀ ਭਾਪੇ ਪ੍ਰਕਾਸ਼ਤ ਨੂੰ ਕਾਪੀ ਰਾਈਟ ਐਕਟ ਦੇ ਅੰਤਰਗਤੇ ਨੋਟਿਸ ਦਿਤਾ ਤਾਂ ਉਹਨੂੰ ਤੁਰੰਤ ਹੋਸ਼ ਆ ਗਈ। ਉਹਦੀ ਕੰਗਾਲੀ ਵੀ ਦੂਰ ਹੋ ਗਈ, ਅਤੇ ਉਹ ਹੱਥ ਬੰਨ੍ਹ ਕੇ ਸੁਜਾਨ ਸਿੰਘ ਨੂੰ ਅੱਠ ਸੌ ਰੁਪਏ ਦੇ ਗਿਆ। ...ਪਰ ਅਜ ਦੇ ਲੇਖਕ ਪ੍ਰਕਾਸ਼ਕਾਂ ਅਗੇ ਹੱਥ ਬੰਨ੍ਹੀ ਖਲੋਤੇ ਨਜ਼ਰ ਆਉਂਦੇ ਹਨ।

● ● ● ●

ਢਲਦੀ ਸ਼ਾਮ ਤੋਂ ਪਹਿਲਾਂ ਜਦੋਂ ਅਸੀਂ ਸੁਜਾਨ ਸਿੰਘ ਦੇ ਘਰ ਗਏ ਤਾਂ ਉਹ ਹਨੇਰੇ ਜਿਹੇ ਕਮਰੇ ਵਿਚ ਬੈਠੇ ਇਕੋ ਹੀ ਸਬਜ਼ੀ ਨਾਲ ਰੋਟੀ ਖਾ ਰਹੇ ਸਨ। ਉਸ ਵੇਲੇ ਮੈਨੂੰ ਹਜ਼ਰਤ ਮੁਹੰਮਦ ਸਾਹਿਬ ਦਾ ਇਕ ਕੌਲ ਚੇਤੇ ਆ ਗਿਆ — "ਜੇਕਰ ਆਮ ਲੋਕ ਇਕ ਸਲੂਣੇ ਨਾਲ ਰੋਟੀ ਖਾਂਦੇ ਨੇ ... ਤਾਂ ਤੁਹਾਡੇ ਲਈ ਦੋ ਕਿਉਂ ਹੋਣ ?"

"ਆ ਜਾ ਬਾਈ !" ਸੁਜਾਨ ਸਿੰਘ ਨੇ ਚਹਿਕ ਕੇ ਕਿਹਾ—"ਮੈਨੂੰ ਪਤਾ ਸੀ ਕਿ ਤੂੰ ਜ਼ਰੂਰ ਆਵੇਂਗਾ।"

"ਤੁਹਾਡੇ ਨਾਲ ਗੁਫਤਗੂ ਜੁ ਕਰਨੀ ਸੀ।"

"ਵਾਹਵਾ ! ... ਰੋਟੀ ਖਾ ਲਵੋ।"

"ਇਹ ਤੁਸੀਂ ਦੁਪਹਿਰ ਦੀ ਰੋਟੀ ਖਾ ਰਹੇ ਹੋ ?" ਯੋਗੀ ਨੇ ਪੁੱਛਿਆ। ਸੁਜਾਨ ਸਿੰਘ ਨੇ ਹੱਸ ਕੇ ਕਿਹਾ — "ਹੋਰ ਕੀ ... ?"

"ਫਰ ਰਾਤ ਦੀ ?"

"ਜਦੋਂ ਮਿਲ ਗਈ।"

ਕਹਾਣੀ ਗੋਸ਼ਟੀ ਦੀ ਗੱਲ ਚਲੀ ਤਾਂ ਸੁਜਾਨ ਸਿੰਘ ਨੇ ਕਿਹਾ—

"ਮੈਂ ਬਹੁਤ ਖੁਸ਼ ਹਾਂ... ਮੈਨੂੰ ਹੁਣ ਮਹਿਸੂਸ ਹੋਣ ਲਗ ਪਿਐ ਕਿ ਪੰਜਾਬੀ ਸਾਹਿਤ ਵਿਚ ਕਹਾਣੀ ਲੇਖਕਾਂ ਦੀ ਗੁਲਜ਼ਾਰ ਖਿੜੀ ਹੋਈ ਹੈ।"

"ਬਾਊ ਜੀ, ਇਹ ਗੁਲਜ਼ਾਰ ਮਹਿਕਨ ਵੀ ਲਗ ਪਈ ਐ।" ਇਹ ਕਿ ਕਿਰਪਾਲ ਸਿੰਘ ਯੋਗੀ ਦੀ ਆਵਾਜ਼ ਸੀ। ਉਹ ਪਹਾੜਾਂ ਦੀਆਂ ਭਰਪੂਰ ਸੈਰਾਂ ਬਾਰੇ ਲਿਖਦਾ ਸੀ, ਅਤੇ ਮੈਂ ਉਹਨੂੰ ਸਵੇਰ ਤੋਂ ਹੀ ਇਸ ਗੱਲ ਲਈ ਪਰੇਰ ਰਿਹਾ ਸਾਂ ਕਿ ਉਹ ਕਹਾਣੀ ਲੇਖਕਾਂ ਬਾਰੇ ਵੀ ਲਿਖੇ।

"ਤੁਸੀਂ ਹੁਣ ਕਿਉਂ ਨਹੀਂ ਲਿਖਦੇ ?" ਮੈਂ ਸੁਜਾਨ ਸਿੰਘ ਨੂੰ ਸਵਾਲ ਕੀਤਾ। ਇਹ ਸਵਾਲ ਕਈ ਵਰ੍ਹਿਆਂ ਤੋਂ ਮੇਰੇ ਮਨ ਵਿਚ ਸੀ।

"ਮੈਂ ਲਿਖ ਤਾਂ ਰਿਹਾ ਹਾਂ।" ਸੁਜਾਨ ਸਿੰਘ ਨੇ ਗੰਭੀਰਤਾ ਨਾਲ ਕਿਹਾ— "ਪਰ ਹੁਣ ਲਿਖਣ ਦੀ ਰਫਤਾਰ ਮੱਧਮ ਹੋ ਗਈ ਐ।

" ਕਾਰਨ ?"

"ਕਈ ਨੇ, ਪਰ ਵੱਡਾ ਇਹੋ ਹੀ ਹੈ ਕਿ ਹੁਣ ਜ਼ਿੰਦਗੀ 'ਚੋਂ ਵਿਹਲ ਘੱਟਦੀ ਜਾ ਰਹੀ ਐ।"

"ਹਾਲਾਂ ਕਿ ਹੁਣ ਵਿਹਲ ਵਧਣੀ ਚਾਹੀਦੀ ਸੀ।"

ਸੁਜਾਨ ਸਿੰਘ ਹੋਰੀਂ ਚੁੱਪ ਰਹੇ।

ਪਤਾ ਨਹੀਂ ਕਿਵੇਂ ਮੈਂ ਕਹਿ ਬੈਠਾ —"ਤੁਸੀਂ ਲੇਖਕ ਵਜੋਂ ਸਰਕਾਰ ਕੋਲੋਂ ਸਹਾਇਤਾ ਕਿਉਂ ਨਹੀਂ ਲੈਂਦੇ ?"

"ਸਰਕਾਰੀ ਸਹਾਇਤਾ ਕੇਵਲ ਲੂਲੇ-ਲੰਗੜੇ ਤੇ ਨਿਥਾਵੇਂ ਲੋਕਾਂ ਲਈ ਹੁੰਦੀ ਐ।"

"ਫੇਰ ਕਿਸੇ ਯੂਨੀਵਰਸਿਟੀ ਦੀ ਫੈਲੋਸ਼ਿਪ ...?"

"ਉਹ ਵੀ ਸਿਫਾਰਸ਼ੀ ਲੋਕਾਂ ਲਈ ਹੈ, ਜਿਨ੍ਹਾਂ ਨੇ ਕੋਈ ਕੰਮ ਨਹੀਂ ਕਰਨਾ ਹੁੰਦਾ।"

"ਪਰ ਤੁਸੀਂ ਤਾਂ ਕਾਫੀ ਸਾਰਾ ਕੰਮ ਕਰ ਲਵੋਗੇ।"

"ਪਰ ਬਈ, ਮੈਂ ਤਾਂ ਇਨ੍ਹਾਂ ਯੂਨੀਵਰਸਿਟੀਆਂ ਵਾਲਿਆਂ 'ਚੋਂ ਕਿਸੇ ਨੂੰ ਜਾਣਦਾ ਹੀ ਨਹੀਂ ... ਮੈਂ ਤਾਂ ਲੋਕਾਂ ਨੂੰ ਹੀ ਜਾਣਦਾ ਹਾਂ ... ਉਨ੍ਹਾਂ ਨਾਲ ਹਾਂ।"

ਸਥਾਪਤ ਲੇਖਕਾਂ ਵਿਚੋਂ ਸੁਜਾਨ ਸਿੰਘ ਅਤੇ ਜਸਵੰਤ ਕੰਵਲ, ਇਹ ਦੋ ਲੇਖਕ ਹੀ ਮੈਨੂੰ . ਇਸ ਤਰ੍ਹਾਂ ਦੇ ਲਗਦੇ ਹਨ, ਜੋ ਕਿ ਪੂਰੀ ਤਰ੍ਹਾਂ ਲੇਖਕ ਵਾਲੇ ਵੱਕਾਰ ਨਾਲ ਜੀਉ ਰਹੇ ਹਨ। ਮੇਰੀ ਗੱਲ ਸੁਣ ਕੇ ਸੁਜਾਨ ਸਿੰਘ ਨੇ ਹੱਸ ਕੇ ਕਿਹਾ—"ਬਈ, ਕੰਵਲ ਤਾਂ ਜੱਟ ਪੁੱਤਰ ਐ। ਉਹ ਜ਼ਮੀਨ ਦੇ ਮਾਣ ਨਾਲ ਜੀਉ ਸਕਦਾ ਹੈ ... ਪਰ ਸਾਡੇ ਵਰਗੇ ਕਿਰਤੀਆਂ ਲਈ ਇਹ ਕੰਮ ਬੜਾ ਔਖੇ।" ਫੇਰ ਪਲ ਭਰ ਰੁਕ ਕੇ ਕਿਹਾ— "ਲੇਖਕ ਦੀ ਸ਼ਾਨ ਇਸੇ ਵਿਚ ਹੈ ਕਿ ਉਹ ਪੂਰੇ ਗੌਰਵ ਨਾਲ ਜੀਵੇ।"

ਮੈਂ ਵੇਖ ਰਿਹਾ ਹਾਂ, ਸੁਜਾਨ ਸਿੰਘ ਦਾ ਸਰੀਰ ਅੱਜ ਵੀ ਉਸੇ ਤਰ੍ਹਾਂ ਹੀ ਸਿੱਧਾ ਸਤੋਰ ਹੈ ਜਿਵੇਂ ਕਿ ਚਾਲੀ ਵਰ੍ਹੇ ਪਹਿਲਾਂ ਤੀਹ-ਪੈਂਤੀ ਵਰ੍ਹਿਆਂ ਦੀ ਉਮਰ ਵਿਚ ਸੀ। ਬਸ, ਦਾੜ੍ਹੀ ਦੇ ਵਾਲ ਵੀ ਚਿੱਟੇ ਹੋ ਗਏ ਹਨ, ਅਤੇ ਜਾਂ ਨਜ਼ਰ ਦੀ ਐਨਕ ਦੇ ਸ਼ੀਸ਼ੇ ਮੋਟੇ ਹੋ ਗਏ ਲਗਦੇ ਹਨ। ਆਵਾਜ਼ ਦੇ ਪ੍ਰਭਾਵ 'ਚ ਕੋਈ ਫਰਕ ਨਹੀਂ ਪਿਆ

● ● ● ●

## ਸੰਤ ਸੰਧੂ ਦੀਆਂ ਨਜ਼ਮਾਂ

ਆਸੇ ਫਰੀਆਂ ਪਾਸੇ ਫਰੀਆਂ ਰੱਬੇ ਸੂਲ ਸਲਾਵਾਂ
ਪਿੱਛੇ ਕਾਲੇ ਨਾਗ ਸ਼ੂਕਦੇ, ਹੁਣ ਕਿਧਰ ਨੂੰ ਜਾਵਾਂ
ਚਹੁੰ ਕੂੰਟਾਂ ਵਲ ਮੂਲ ਨਾ ਜਾਵੇ, ਡਰਦੀ ਏ ਜ਼ਿੰਦ ਮੇਰੀ
ਸਾਡੇ ਵਿਹੜੇ ਸਹੇ ਦਾ ਤੱਕਲਾ, ਗੱਡਿਆ ਕੌਣ ਬਲਾਵਾਂ

ਏਸ ਜ਼ਮਾਨੇ ਸਾਊ ਲੋਕਾਂ ਸ਼ਹਿਰ 'ਚ ਸੱਸੀ ਸਾੜੀ
ਹੁਣ ਕੋਈ ਸੱਸੀ ਮੂਲ ਨਾ ਜਾਵੇ ਮਾਰੂਥਲ ਦੀਆਂ ਰਾਹਵਾਂ

ਨਾ ਮੋਨਾ ਨਾ ਮੋਮਿਨ ਕਾਫਿਰ ਨਾ ਹਾਂ ਸਿਖ ਇਸਾਈ
ਫਿਰ ਏਥੇ ਕਿਉਂ ਰਾਮਰਾਜ ਵਿਚ ਮਿਲਦੀਆਂ ਘੋਰ ਸਜ਼ਾਵਾਂ

ਨਾ ਮੈਂ ਸੁਹਣੀ ਨਾ ਮੈਂ ਬੇਲੇ ਨਾ ਕੱਚਿਆਂ ਤੇ ਤਰਦੀ
ਮੈਨੂੰ ਮੇਰੇ ਘਰ ਦੇ ਅੰਦਰ, ਡੋਬ ਦਿਤਾ ਦਰਿਆਵਾਂ

ਚੰਦਰੀ ਸਾਹਿਬਾਂ ਦੀ ਪੱਤ ਲੁੱਟਣ ਖਾਨ ਸ਼ਮੀਰ ਭਰਾ
ਨਾ ਮਿਰਜਾ ਨਾ ਬੱਕੀ ਦੋਸ਼ੀ ਨਾ ਜੰਡਾਂ ਦੀਆਂ ਛਾਵਾਂ

ਕਿਸ ਮੌਸਮ ਤੇ ਕੌਣ ਨਗਰ ਵਿਚ ਕਿਹੜੇ ਰਾਹੇ ਆਏ
ਇਕ ਦੂਜੇ ਤੋਂ ਪਏ ਤਬਦੇ, ਮੈਂ ਮੇਰਾ ਪ੍ਰਛਾਵਾਂ।

2.

ਪ੍ਰਛਾਵੇਂ ਨੇ ਫਿਰ ਜਾਂਣਾ ਏਂ
ਕਿਰਨ-ਮ-ਕਿਰਨੀ ਕਿਰ ਜਾਣਾ ਏਂ

ਸ਼ਾਮ ਸੁਬਹ ਦੀ ਵਿਚ ਕੁੜਿੱਕੀ
ਅੰਤ ਰਾਤ ਨੇ ਘਿਰ ਜਾਣਾ ਏਂ

ਇਕ ਦੋ ਚੁੰਗੀਆਂ ਹੋਰ ਭਰੇਗਾ
ਫੇਰ ਮਿਰਗ ਨੇ ਗਿਰ ਜਾਣਾ ਏਂ

ਰੱਬ ਤੇ ਜੱਗ ਦੋਵੇਂ ਪੁੱਛਦੇ ਨੇ
ਤੂੰ ਦੱਸ ਕਿਹੜੀ ਧਿਰ ਜਾਣਾ ਏਂ

ਲੰਮੀਆਂ ਔੜਾਂ ਨਾ ਘਬਰੌਣਾ
ਘੋਰ ਘਟਾਂਵਾਂ ਘਿਰ ਜਾਣਾ ਏਂ

ਦੁਖੀ ਹੈ ਏਸ ਦੇਸ ਦੀ ਖਲਕਤ
ਹੁਣ ਇਕ ਤੇਰਾ ਸਿਰ ਜਾਣਾ ਏਂ।

## ਗ਼ਜ਼ਲ

**ਦੇਵਿੰਦਰ ਜੋਸ਼**

ਜਦੋਂ ਬੀਤਿਆਂ ਵਕਤਾਂ ਨੂੰ ਫੋਲਦੇ ਹਾਂ
ਕੱਲੇ ਬੈਠਦੇ ਹਾਂ ਹੰਝੂ ਡੋਲਦੇ ਹਾਂ।

ਤੇਰੇ ਨਾਮ ਦਾ ਜਦੋਂ ਹਾਂ ਜਾਮ ਪੀਂਦੇ
ਕੌੜੇ ਪਾਣੀ ਅੰਦਰ ਮਿਸ਼ਰੀ ਘੋਲਦੇ ਹਾਂ।

ਉਤੋਂ ਜਾਪਦੇ ਹਾਂ ਪੂਰੇ ਸੱਚ ਵਾਂਗੂੰ
ਕੋਰੇ ਝੂਠ ਵਾਂਗੂੰ ਵਿਚੋਂ ਡੋਲਦੇ ਹਾਂ।

ਤੇਰੀ ਯਾਦ ਵਿਚ ਜਦੋਂ ਹੀ ਸ਼ਿਅਰ ਕਹਿੰਦੇ
ਲੋਕੀ ਆਖਦੇ ਨੇ ਝੂਠ ਬੋਲਦੇ ਹਾਂ।

ਹਰ ਇਕ ਹਾਰ ਦਾ ਕਾਰਣ ਹਾਂ ਆਪ ਹੁੰਦੇ
ਜਦੋਂ ਆਪਣਾ ਆਪ ਫਰੋਲਦੇ ਹਾਂ।

ਮਰ ਕੇ ਪਹੁੰਚੇ ਹਾਂ ਏਸ ਮੁਕਾਮ ਉੱਤੇ
ਬਹੁਤਾ ਸੋਚਦੇ ਹਾਂ ਥੋੜ੍ਹਾ ਬੋਲਦੇ ਹਾਂ।

ਚਿਠੀ ਆਈ ਹੈ ਮਹਿਕ ਤੇ ਪਿਆਰ ਵਾਲੀ
ਤੱਕ ਕੇ ਚੁੰਮਦੇ ਹਾਂ, ਚੁੰਮ ਕੇ ਖੋਲ੍ਹਦੇ ਹਾਂ।

ਬਿਰਖਾਂ ਵਾਂਗ ਹਾਂ ਅਸੀਂ ਵੀ ਬਿਰਖ ਹੋਏ
ਛਾਵਾਂ ਵੰਡਦੇ ਹਾਂ ਧੁੱਪਾਂ ਟੋਲਦੇ ਹਾਂ।

ਤਾਹੀਓਂ ਆਖਦੇ ਨੇ ਸਾਨੂੰ 'ਜੋਸ਼' ਬਾਬਾ
ਸੱਚ ਆਖਦੇ ਹਾਂ ਪੂਰਾ ਤੋਲਦੇ ਹਾਂ।

ਰਾਤੀਂ ਕਹਾਣੀ ਗੋਸ਼ਟੀ ਵਿਚ ਸੁਜਾਨ ਸਿੰਘ ਨੇ ਕਿਹਾ ਸੀ —"ਮੋਹਨ ਸਿੰਘ ਤੇ ਸੰਤ ਸਿੰਘ ਸੇਖੋਂ ਦਾ ਇਹ ਵਿਚਾਰ ਰਿਹਾ ਹੈ ਕਿ ਨਵੇਂ ਲੇਖਕਾਂ ਨੂੰ ਉਤਸ਼ਾਹ ਨਹੀਂ ਦੇਣਾ ਚਾਹੀਦਾ। ਪਰ ਮੈਂ ਸਮਝਦਾ ਹਾਂ, ਸਾਨੂੰ ਨਵੇਂ ਲੇਖਕਾਂ ਦੀ ਹਰ ਹਾਲਤ 'ਚ ਕਦਰ ਕਰਨੀ ਚਾਹੀਦੀ ਹੈ। ਇਨ੍ਹਾਂ ਤੋਂ ਬਗੈਰ ਸਾਹਿਤ ਦੀ ਨਵੀਂ ਗੁਲਜ਼ਾਰ ਨਹੀਂ ਖਿੜ ਸਕਦੀ।" ... ਵਾਹਵਾ।

ਗਈ ਰਾਤ ਤੱਕ ਉਹ ਲੇਖਕਾਂ ਨੂੰ ਸੁਣਦੇ ਰਹੇ ਅਤੇ ਉਨ੍ਹਾਂ ਦੇ ਚਿਹਰੇ ਤੇ ਰੰਗਲੇ ਭਵਿਖ ਦੇ ਗੁਲਾਬ ਖਿੜਦੇ ਰਹੇ।

ਮੈਂ ਮਹਿਸੂਸ ਕਰਦਾ ਹਾਂ ਕਿ ਸੁਜਾਨ ਸਿੰਘ ਦਾ ਨਵੇਂ ਲੇਖਕਾਂ ਪ੍ਰਤਿ ਇਕ ਹਮਦਰਦ ਤੇ ਸਾਊ ਪਿਤਾ ਵਾਲਾ ਵਾਲਾ ਵਤੀਰਾ ਹੈ। ਇਕ ਅਜਿਹਾ ਪਿਤਾ, ਜੋ ਕਿ ਬੱਚਿਆਂ ਕੋਲੋਂ ਮਿਹਨਤ ਲਗਨ ਤੇ ਈਮਾਨਦਾਰੀ ਦੇ ਇਲਾਵਾ ਕੁਝ ਨਹੀਂ ਮੰਗਦਾ।

ਗੁਰਦਾਸਪੁਰ ਭਾਵੇਂ ਇਕ ਕਸਬਾਤੀ ਜਿਹਾ ਸ਼ਹਿਰ ਹੀ ਹੈ, ਅਤੇ ਉਥੇ ਵੇਖਣ ਵਾਲੀ ਦਿਲਕਸ਼ ਚੀਜ਼ ਵੀ ਕੋਈ ਨਹੀਂ, ਪਰ ਮੈਨੂੰ ਤਾਂ ਗੁਰਦਾਸਪੁਰ ਹੀ ਜ਼ੰਨਤ ਦਾ ਦ੍ਰਿਸ਼ ਪ੍ਰਤੀਤ ਹੋ ਰਿਹਾ ਹੈ ... ਕਿਉਂਕਿ ਉਥੇ ਸਾਡਾ ਮਹਿਬੂਬ ਲੇਖਕ ਸੁਜਾਨ ਸਿੰਘ ਵਸਦਾ ਹੈ।



ਪ੍ਰਕਾਸ਼ ਸਿੰਘ ਬਾਦਲ :
ਮੁਕੰਮਲ ਗ੍ਰਹਿਣ




# ਭਾਰਤੀ ਹਾਕੀ: ਜਿੱਤ ਦੇ ਝੰਡੇ

ਸ਼ੰਗਾਰਾ ਸਿੰਘ ਭੁੱਲਰ

ਸਾਡੀ ਹਾਕੀ ਟੀਮ ਨੇ ਸੁਲਤਾਨ ਅਜ਼ਲਾਨ ਸ਼ਾਹ ਹਾਕੀ ਕੱਪ ਜਿੱਤ ਕੇ ਦੁਨੀਆਂ ਵਿਚ ਇਕ ਵਾਰੀ ਫਿਰ ਆਪਣੀ ਜਿੱਤ ਦੇ ਝੰਡੇ ਗੱਡ ਦਿਤੇ ਹਨ ਹਾਲਾਂ ਕਿ ਇਸ ਲਈ ਸਾਨੂੰ ਲਗਾਤਾਰ ਪੰਜ ਵਰ੍ਹੇ ਸੰਘਰਸ਼ ਕਰਨਾ ਪਿਆ ਹੈ। ਹਾਰਾਂ ਤੇ ਨਮੋਸ਼ੀਆਂ ਦਾ ਮੂੰਹ ਵੇਖਣਾ ਪਿਆ ਹੈ। ਸੌ ਤਰ੍ਹਾਂ ਦੀ ਟੀਕਾ-ਟਿਪਣੀ ਸੁਣਨੀ ਪਈ ਹੈ ਇਥੋਂ ਤਕ ਕਿ ਇਹ ਕੌਮਾਂਤਰੀ ਕੱਪ ਜਿੱਤਣ ਤੋਂ ਕੁਝ ਹਫਤੇ ਪਹਿਲਾਂ ਪਰਥ ਵਿਚ ਹੋਏ ਹਾਕੀ ਮੁਕਾਬਲਿਆਂ ਵਿਚ ਇਹ ਬੜੀ ਮੁਸ਼ਕਲ ਨਾਲ ਆਖਰੀ ਨੰਬਰ 'ਤੇ ਆਈ ਹਾਲਾਂ ਕਿ ਬਹਾਨਾ ਇਹ ਲਾ ਕੇ ਉਸ ਹਾਰ ਤੋਂ ਮੂੰਹ ਮੋੜ ਲਿਆ ਗਿਆ ਕਿ ਸਾਡੇ ਚੋਣਵੇਂ ਖਿਡਾਰੀਆਂ ਉਤੇ ਢਾਕਾ ਵਿਚ ਜਪਾਨੀ ਅੰਪਾਇਰ ਨਾਲ ਹੋਈ ਤੂੰ-ਤੂੰ ਮੈਂ-ਮੈਂ ਪਿਛੋਂ ਪਾਬੰਦੀ ਜੁ ਲਾ ਦਿਤੀ ਗਈ ਸੀ।

ਉਂਜ ਇਹ ਮੁਕਾਬਲਾ ਜਿੱਤ ਕੇ ਸਾਡੀ ਹਾਕੀ ਟੀਮ ਨੇ ਦੁਨੀਆਂ ਦੇ ਕੁਝ ਮੁਲਕਾਂ ਦੀਆਂ ਇਹ ਕਿਆਸ-ਅਰਾਈਆਂ ਖਤਮ ਕਰ ਦਿੱਤੀਆਂ ਹਨ ਕਿ ਭਾਰਤੀ ਹਾਕੀ ਵਿਚ ਅੰਤਾਂ ਦਾ ਨਿਘਾਰ ਆ ਗਿਆ ਹੈ ਤੇ ਭਵਿਖ ਵਿਚ ਇਕ ਤਰ੍ਹਾਂ ਇਸ ਤੋਂ ਕਿਸੇ ਵੀ ਵੱਡੀ ਜਿੱਤ ਦੀ ਉਮੀਦ ਨਹੀਂ।

ਸੱਚ ਇਹ ਹੈ ਕਿ ਖੇਡ, ਖੇਡ ਹੈ, ਜਿਸ ਵਿਚ ਖਿਡਾਰੀ ਭਿੜਦੇ ਹਨ। ਉਹ ਆਪਣੀ ਕੌਮ ਲਈ ਸਿਰ-ਧੜ ਦੀ ਬਾਜ਼ੀ ਲਾਉਂਦੇ ਹਨ। ਇਸ ਵੇਲੇ ਦਮ-ਖਮ ਵਾਲੇ ਤੇ ਚੰਗੀ ਤਕਨੀਕ ਨਾਲ ਖੇਡਣ ਵਾਲੇ ਜਿੱਤ ਹਾਸਲ ਕਰ ਲੈਂਦੇ ਹਨ ਜਦੋਂ ਕਿ ਦੂਜੇ ਹਾਰ ਜਾਂਦੇ ਹਨ। ਗੱਲ ਬੜੀ ਸਿੱਧੀ ਹੈ ਕਿ ਹਰ ਵਾਰੀ ਜਿੱਤ ਦਾ ਕਿਸੇ ਨੇ ਪਟਾ ਨਹੀਂ ਲਿਖਵਾਇਆ ਹੁੰਦਾ ਅਤੇ ਹਾਰ ਕਿਸੇ ਦੇ ਮੱਥੇ 'ਤੇ ਨਹੀਂ ਲਿਖੀ ਹੁੰਦੀ।

ਭਾਰਤੀ ਹਾਕੀ ਟੀਮ ਨੇ ਇਹ ਕੱਪ ਮੇਜ਼ਬਾਨ ਮਲੇਸ਼ੀਆ ਦੀ ਟੀਮ ਨੂੰ ਦੋ ਦੇ ਟਾਕਰੇ 'ਤੇ ਚਾਰ ਗੋਲਾਂ ਨਾਲ ਹਰਾ ਕੇ ਜਿੱਤਿਆ। ਇਹ ਹਾਕੀ ਮੁਕਾਬਲੇ ਮਲੇਸ਼ੀਆ ਵਿਖੇ ਇਪੋਹ ਵਿਖੇ ਹੋਏ। ਇਸ ਵਿਚ ਭਾਰਤ ਸਮੇਤ ਛੇ ਮੁਲਕਾਂ ਦੀਆਂ ਟੀਮਾਂ ਨੇ ਹਿਸਾ ਲਿਆ। ਦਿਲਚਸਪ ਗੱਲ ਇਹ ਹੈ ਕਿ ਉਹੋ ਪਾਕਿਸਤਾਨ ਜਿਹੜਾ ਓਲੰਪਿਕ ਤੇ ਏਸ਼ਿਆਈ, ਚੈਂਪੀਅਨ ਹੈ, ਇਸ ਮੁਕਾਬਲੇ ਵਿਚ ਬੜੀ ਮੁਸ਼ਕਲ ਨਾਲ ਤੀਸਰੇ ਸਥਾਨ 'ਤੇ ਆਇਆ। ਉਹ ਵੀ ਇਸ ਕਰਕੇ ਕਿ ਉਸ ਦੀ ਟੀਮ ਸਪੇਨ ਨੂੰ ਹਰਾ ਸਕਣ ਦੇ ਸਮਰਥ ਰਹੀ ਹਾਲਾਂ ਕਿ ਸਪੇਨ ਦੀ ਟੀਮ ਨੇ ਇਸ ਮੁਕਾਬਲੇ ਵਿਚ ਕੁਝ ਮੈਚ ਬੜੇ ਸ਼ਾਨਦਾਰ ਢੰਗ ਨਾਲ ਖੇਡੇ ਸਨ। ਇਕ ਵੇਲੇ ਤਾਂ ਇਉਂ ਲਗਦਾ ਸੀ ਕਿ ਇਥੇ ਪਾਕਿਸਤਾਨ ਦੀ ਟੀਮ ਸ਼ਾਇਦ ਹੋਰ ਵੀ ਪਛੜ ਜਾਵੇ। ਇਸ ਮੁਕਾਬਲੇ ਵਿਚ ਸਪੇਨ ਚੌਥੇ ਨੰਬਰ 'ਤੇ, ਆਸਟਰੇਲੀਆ ਪੰਜਵੇਂ 'ਤੇ ਅਤੇ ਇੰਗਲੈਂਡ ਛੇਵੇਂ ਨੰਬਰ 'ਤੇ ਰਿਹਾ। ਵਰਨਣਯੋਗ ਗੱਲ ਇਹ ਹੈ ਕਿ ਹੁਣੇ ਜਿਹੇ ਪਰਥ ਵਿਚ ਹੋਈ ਚੈਂਪੀਅਨਸ਼ਿਪ ਟਰਾਫੀ ਆਸਟਰੇਲੀਆ ਦੇ ਕਬਜ਼ੇ ਵਿਚ ਹੈ।

ਹੁਣ ਜਾ ਕੇ ਜਦੋਂ ਅਸੀਂ ਇਸ ਇਪੋਹ ਵਾਲੇ ਹਾਕੀ ਮੁਕਾਬਲੇ ਵਿਚ ਪਾਕਿਸਤਾਨ ਨੂੰ ਸੈਮੀ ਫਾਈਨਲ ਵਿਚ ਹੀ ਹਰਾ ਦਿਤਾ ਤਾਂ ਲੱਗਾ ਜਿਵੇਂ ਸਾਡੀ ਹਾਕੀ ਵਿਚ ਅਜੇ ਦਮ-ਖਮ ਹੈ। ਅਸੀਂ ਜਿੱਤ ਵਲ ਅਗਾਂਹ ਵਧ ਸਕਦੇ ਹਾਂ।

ਅੱਜ ਤੱਕ ਵੀ ਜਦੋਂ ਕਿਤੇ ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਵਿਚਕਾਰ ਮੁਕਾਬਲਾ ਹੁੰਦਾ ਹੈ ਤਾਂ ਇਸ ਨੂੰ ਬੜੀ ਅਹਿਮੀਅਤ ਦਿਤੀ ਜਾਂਦੀ ਹੈ। ਪਿਛਲੇ ਸਮੇਂ ਵਿਚ ਹੋਏ ਵੱਖ ਵੱਖ ਟੂਰਨਾਮੈਂਟ ਵਿਚ ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਆਪਸ ਵਿਚ ਪੰਜ ਵਾਰ ਭਿੜੀਆਂ ਹਨ ਜਿਨ੍ਹਾਂ ਵਿਚ ਭਾਰਤ ਨੇ ਚਾਰ ਵਾਰ ਪਾਕਿਸਤਾਨ ਨੂੰ ਹਰਾਇਆ। ਭਾਰਤ ਵਲੋਂ ਪਾਕਿਸਤਾਨ ਨੂੰ ਏਨੀ ਵਾਰੀ ਹਰਾਉਣ ਨਾਲ ਅਤੇ ਫਿਰ ਸਪੇਨ, ਆਸਟਰੇਲੀਆ, ਹਾਲੈਂਡ, ਨਿਊਜ਼ੀਲੈਂਡ ਅਤੇ ਇੰਗਲੈਂਡ ਵਰਗੇ ਮੁਲਕਾਂ ਦੇ ਹਾਕੀ ਵਿਚ ਆ ਜਾਣ ਨਾਲ ਜਿਥੇ ਪਾਕਿਸਤਾਨ ਦੀ ਹਾਲਤ ਬੜੀ ਖਸਤਾ ਹੋ ਗਈ ਹੈ ਉਥੇ ਇਹ ਭਰਮ ਵੀ ਟੁੱਟਣ ਲਗ ਪਿਆ ਹੈ ਕਿ ਹਾਕੀ ਉਤੇ ਤਾਂ ਏਸ਼ੀਆ ਦੀ ਸਰਦਾਰੀ ਹੈ।

ਸੱਚ ਇਹ ਹੈ ਕਿ ਹਾਕੀ ਦੀ ਖੇਡ ਹੁਣ ਬੜੀ ਅਨਿਸ਼ਚਿਤ ਹੋ ਗਈ ਹੈ। ਇਸ ਵਿਚ ਜਿੱਤ ਵਧੇਰੇ ਕਰ ਕੇ ਫੀਲਡ ਗੋਲਾਂ 'ਤੇ ਨਹੀਂ ਸਗੋਂ ਪੈਨਲਟੀ ਕਾਰਨਰਾਂ ਉਤੇ ਨਿਰਭਰ ਕਰਨ ਲਗ ਪਈ ਹੈ। ਕਿਸੇ ਵੀ ਟੀਮ ਦੇ ਜਿੰਨੇ ਖਿਡਾਰੀ ਪੈਨਲਟੀ ਕਾਰਨਰ ਲਗਾ ਸਕਣ ਦੇ ਸਮਰਥ ਹੋਣਗੇ, ਉਹ ਟੀਮ ਓਨੀ ਹੀ ਜਿੱਤ ਦੇ ਨੇੜੇ ਹੋਵੇਗੀ। ਇਹ ਨਾ ਕੇਵਲ ਇਪੋਹ ਵਿਖੇ ਸੁਲਤਾਨ ਅਜ਼ਨਾਲ ਸ਼ਾਹ ਹਾਕੀ ਕੱਪ ਮੁਕਾਬਲੇ ਤੋਂ ਹੀ ਸਗੋਂ ਇਸ ਤੋਂ ਪਹਿਲਾਂ ਵੀ ਖੇਡੇ ਗਏ ਵੱਖ ਵੱਖ ਮੁਕਾਬਲਿਆਂ ਤੋਂ ਸਪਸ਼ਟ ਹੋ ਜਾਂਦਾ ਹੈ। ਅਜਿਹੇ ਮੁਕਾਬਲਿਆਂ ਵਿਚ ਖਿਡਾਰੀਆਂ ਨੂੰ ਪੈਨਲਟੀ ਕਾਰਨਰ ਲਾਉਣ ਲਈ ਕਈ ਮੌਕੇ ਮਿਲਦੇ ਹਨ ਪਰ ਉਨ੍ਹਾਂ ਵਿਚ ਸਫਲ ਬਹੁਤ ਘੱਟ ਹੁੰਦੇ ਹਨ। ਭਾਰਤੀ ਖੇਡ ਪ੍ਰਭੂਆਂ ਨੂੰ ਇਸ ਪਾਸੇ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਇਕ ਗੱਲ ਹੋਰ। ਜਿੱਤ ਹਾਸਲ ਕਰ ਲੈਣੀ ਭਾਵੇਂ ਔਖੀ ਹੈ ਪਰ ਇਸ ਨੂੰ ਬਰਕਰਾਰ ਰੱਖਣਾ ਹੋਰ ਵੀ ਔਖੀ ਗੱਲ। ਜੇ ਸਾਡੀ ਟੀਮ ਨੇ ਇਹ ਕੱਪ ਪੰਜ ਸਾਲ ਪਿਛੋਂ ਜਿੱਤਿਆ ਹੈ ਤਾਂ ਭਾਰਤੀ ਹਾਕੀ ਫੈਡਰੇਸ਼ਨ ਨੂੰ ਚਾਹੀਦਾ ਹੈ ਕਿ ਉਹ ਭਵਿਖ ਹਾਕੀ ਵਿਚ ਅਜਿਹੇ ਢੰਗ ਤਰੀਕੇ ਵਰਤੇ ਜਿਸ ਨਾਲ ਸਾਡੀ ਹਾਕੀ ਲਾਗਾਤਰ ਉਸੇ ਸੁਨਹਿਰੀ ਯੁੱਗ ਵੱਲ ਪਰਤ ਸਕੇ ਜਿਸ ਵਿਚੋਂ ਇਹ 30ਵਿਆਂ ਤੋਂ ਲੈ ਕੇ ਲਗਭਗ 60ਵਿਆਂ ਤਕ ਲੰਘਦੀ ਰਹੀ ਹੈ। ਇਸ ਲਈ ਮਿਹਨਤ ਤੇ ਇਮਾਨਦਾਰੀ ਦੀ ਲੋੜ ਹੈ। ਡੁੱਲ੍ਹੇ ਬੇਰਾਂ ਦਾ ਅਜੇ ਵੀ ਕੁਝ ਨਹੀਂ ਵਿਗੜਿਆ।




ਇਹਨੂੰ ਨ ਮਾਰੋ, ਇਹ ਮੇਰਾ ਇਕਲੌਤਾ ਪਤੀ ਹੈ......



ਸੁਖਵੰਤ ਪੱਟੀ

ਮਤਲਬ ਦੇ ਜ਼ਮਾਨੇ 'ਚ ਰਲ ਜਾਂਵਾਂਗਾ ਮੈਂ ਵੀ।
ਤੂੰ ਸੋਚਿਐ ਕਿੱਦਾਂ ਕਿ ਬਦਲ ਜਾਂਵਾਂਗਾ ਮੈਂ ਵੀ।

ਐ ਜਿਸਮ ਤੂੰ ਜਦ ਵੀ ਨਾ ਮੇਰਾ ਸਾਥ ਦੇ ਸਕਿਆ,
ਇਹ ਸੋਚ ਲੈ ਤੇਰੇ 'ਚੋਂ ਨਿਕਲ ਜਾਂਵਾਂਗਾ ਮੈਂ ਵੀ।

ਐ ਦੋਸਤ ਮੇਰੀ ਹੋਂਦ ਊਣੇ ਜਾਮ ਤਰ੍ਹਾਂ ਹੈ
ਠੋਕਰ ਜਾਂ ਜ਼ਰਾ ਲੱਗੀ ਉਛਲ ਜਾਂਵਾਂਗਾ ਮੈਂ ਵੀ।

ਆਖਿਰ 'ਚ ਗੁਜ਼ਰ ਜਾਵੇਗਾ ਜੋਬਨ ਦਾ ਇਹ ਮੌਸਮ
ਢਲਦੀ ਹੋਈ ਰੁਤ ਨਾਲ ਹੀ ਢਲ ਜਾਂਵਾਂਗਾ ਮੈਂ ਵੀ।

ਐ ਬਰਫ ਜਦੋਂ ਆਪਣਾ ਤੂੰ ਰੂਪ ਵਟਾਇਆ
ਆਪਾ ਹੈ ਮੇਰਾ ਮੋਮ ਪਿਘਲ ਜਾਂਵਾਂਗਾ ਮੈਂ ਵੀ।



Gurdial Singh(Gaddey)

Super Star Plumbing & Electrical Heating Supply Ltd.

4270 Fraser Street, Vancouver, B.C.

Phone 874-0511

ਆਪਣੀਆਂ ਹਰ ਤਰ੍ਹਾਂ ਦੀਆਂ ਪਲੰਬਿੰਗ ਅਤੇ ਬਿਜਲੀ ਦੇ ਸਮਾਨ ਆਦਿ ਦੀਆਂ ਲੋੜਾਂ ਲਈ ਹਮੇਸ਼ਾਂ ਸੁਪਰਸਟਾਰ ਪਲੰਬਿੰਗ ਵਾਲਿਆਂ ਨੂੰ ਯਾਦ ਰੱਖੋ। ਐਸਟੀਮੇਟ ਮੁਫਤ ਦਿਤਾ ਜਾਂਦਾ ਹੈ।

ਅਸੀਂ ਨਵੇਂ ਤੇ ਪੁਰਾਣੇ ਘਰਾਂ ਦੀ ਪਲੰਬਿੰਗ ਅਤੇ ਬਿਜਲੀ ਦਾ ਤਸੱਲੀਬਖਸ਼ ਕੰਮ ਕਰਦੇ ਹਾਂ



AMIN LADHA

AMIN ON MARINE

Canada's autosales leader, now invites you at 86 S.E. Marine Dr. Vancouver [Between Main & Cambie] to make your own deal for any make or model of car including Cadillac, Chevrolet, Oldsmobile, any import or domestic car

dueck

CHEVROLET-OLDSMOBILE-CADILLAC LTD

86 SE Marine Dr., [between Main & Cambie]

Ph: 324-7222

Res.: 433-1681

Pager 687-7711 Pager #2122

DUECK CHEVROLET OLDSMOBILE CADILLAC LTD.

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

■ BUYING
■ SELLING

Free Evaluation For Your Property Call Any Time Without Any Obligation

Bus. 736-3831 or Res. 434-8548
Pager— 524-8581, +2229

# Republic Day

# Greetings

# To

# All of You

---

# INDO-CANADIAN

# FRIENDSHIP SOCIETY

# VANCOUVER, B.C.



ਬਾਬਾ ਜੋਗਿੰਦਰ ਸਿੰਘ:
ਸਗ ਸਖਾ ਸਭ ਤਜਿ ਗਏ

## ਕਮਿਊਨਿਟੀ ਰੇਡੀਓ ਪ੍ਰੋਗਰਾਮ (ਅੰਗਰੇਜ਼ੀ ਅਤੇ ਪੰਜਾਬੀ)

ਵੱਲੋਂ

### ਦੀ ਪ੍ਰੋਗਰੈਸਿਵ ਇੰਡੋ-ਕੈਨੇਡੀਅਨ ਕਮਿਊਨਿਟੀ ਸਰਵਿਸਜ਼ ਸੋਸਾਇਟੀ (ਪਿਕਸ)

ਤੇ

### ਵੈਨਕੂਵਰ ਕੁਆਪਰੇਟਿਵ ਰੇਡੀਓ

**102.7 F.M.**

**ਫਰਵਰੀ 1, 1986 ਤੋਂ ਹਰ ਸ਼ਨਿਚਰਵਾਰ ਚਾਰ ਤੋਂ ਪੰਜ ਵਜੇ ਤੱਕ**

### ਸਮੇਂ ਦੀ ਆਵਾਜ਼

ਰੇਡੀਓ ਬੁਲਾਰੇ :
ਸੁਖਵੰਤ ਹੁੰਦਲ, ਨੀਤਾ ਪੰਧੇਰ ਤੇ ਘੰਮੀ ਬਿਕਰਮ
ਅਤੇ
ਹਾਰਜੀ, ਪੂਨਮ, ਮਾਈਕ ਅਤੇ ਨਿੱਕੀ

ਸਟੂਡੀਓ ਡਾਰੈਕਟਰ — ਰਾਣੀ ਅਤੇ ਕੁਲਵਿੰਦਰ
ਕਮਿਊਨਿਟੀ ਇਨਫਰਮੇਸ਼ਨ — ਗੁਰਪ੍ਰਾਤ ਅਤੇ ਨਿਰੰਦਰ
ਮੈਂਬਰਸ਼ਿਪ ਇੰਨਫਰਮੇਸ਼ਨ — ਮਨਜੀਤ ਅਤੇ ਓਂਕਾਰ

ਪ੍ਰੋਗਰਾਮ ਕੁਆਰਡੀਨੇਟਰ — ਚਰਨਪਾਲ ਗਿੱਲ

ਸਮਾਜਕ, ਸਭਿਆਚਾਰਕ ਅਤੇ ਵਿਦਿਅਕ ਮਸਲਿਆਂ ਤੇ ਵਿਚਾਰਾਂ ਨੂੰ ਜੀ ਆਇਆਂ ਕਿਹਾ ਜਾਵੇਗਾ। ਇਨ੍ਹਾਂ ਵਿਸ਼ਿਆਂ ਤੇ ਬੋਲਣ ਲਈ ਵਿਚਾਰ ਲਿਖਤੀ ਰੂਪ ਵਿਚ ਕਮ ਅਜ਼ ਕਮ ਦੋ ਹਫਤੇ ਪਹਿਲੋਂ ਸਾਡੇ ਪਾਸ ਪਹੁੰਚਣੇ ਚਾਹੀਦੇ ਹਨ

ਹੋਰ ਜਾਣਕਾਰੀ ਲਈ ਫੂਨ ਕਰੋ :
**ਚਰਨਪਾਲ ਗਿੱਲ 576-2307 — ਮਨਜੀਤ ਗਿੱਲ — 584-4801**
**ਗੁਰਪ੍ਰਾਤਮ ਰੰਧਾਵਾ — 946-7224 — ਨਰਿੰਦਰ ਪੰਨੂ — 581-4597**
**ਗੁਰਬੀਰ ਗਿੱਲ — 584-5102**

# ਪੰਜਾਬੀ ਲਿਖਾਰੀਆਂ ਨੂੰ ਬੇਨਤੀ

ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਉਤਰੀ ਅਮਰੀਕਾ ਦੇ ਵਿਚ ਵਸ ਰਹੇ ਪੰਜਾਬੀ ਲਿਖਾਰੀਆਂ ਦੀਆਂ ਚੋਣਵੀਆਂ ਰਚਨਾਵਾਂ ਨੂੰ ਇਕ ਕਿਤਾਬ ਦੇ ਰੂਪ ਵਿਚ ਪ੍ਰਕਾਸ਼ਤ ਕਰ ਰਹੀ ਹੈ। ਪੰਜਾਬੀ ਬੋਲੀ ਦੇ ਨਵੇਂ ਤੇ ਪੁਰਾਣੇ ਲਿਖਾਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਘੱਟ ਤੋਂ ਘੱਟ ਤਿੰਨ ਚੋਣਵੀਆਂ ਗਜ਼ਲਾਂ, ਗੀਤ, ਕਵਿਤਾਵਾਂ ਜਾਂ ਲੋਕ ਗੀਤ ਆਦਿ, ਹੇਠ ਲਿਖੇ ਪਤੇ ਤੇ ਭੇਜਣ ਦੀ ਕਿਰਪਾਲਤਾ ਕਰਨ। ਰਚਨਾਵਾਂ ਭੇਜਣ ਦੀ ਅੰਤਮ ਤਾਰੀਖ ਮਾਰਚ 30, 1986 ਹੈ। ਲਿਖਾਰੀ ਆਪਣਾ ਪੂਰਾ ਨਾਮ, ਪਤਾ, ਟੈਲੀਫੋਨ ਨੰਬਰ ਜ਼ਰੂਰ ਲਿਖਣ।

ਅਮਰੀਕਾ ਅਤੇ ਕਨੇਡਾ ਦੇ ਹਰ ਇਕ ਲਿਖਾਰੀ ਨੂੰ ਇਸ ਕਿਤਾਬ ਵਿਚ ਜਗ੍ਹਾ ਦਿਤੀ ਜਾਵੇਗੀ। ਇਸ ਕਿਤਾਬ ਦਾ ਨਾਮ "ਨੌਰਥ ਅਮਰੀਕਾ ਦੀ ਪੰਜਾਬੀ ਕਵਿਤਾ" ਰੱਖਿਆ ਗਿਆ ਹੈ। ਹੋਰ ਜਾਣਕਾਰੀ ਵਾਸਤੇ ਹੇਠ ਲਿਖੇ ਨੰਬਰਾਂ ਤੇ ਫੂਨ ਵੀ ਕਰ ਸਕਦੇ ਹੋ

ਰਚਨਾਵਾਂ ਭੇਜਣ ਦਾ ਪਤਾ :—
Punjabi Sahit Sabha
P.O.BOX 1755
Yuba City, 95992
California, U.S.

ਫੂਨ ਨੰਬਰ —
ਰਬਿੰਦਰ ਸਿੰਘ ਅਟਵਾਲ (916)673-6634
ਜਸਪਾਲ ਸਿੰਘ ਸੂਸ — (916)674-1355
ਮੁਹਿੰਦਰ ਸਿੰਘ ਘੱਗ — (916)695-1318

ਸਿਨਮਾ ਦੇਖ ਕੇ ਭੀੜ ਬਾਹਰ ਨਿਕਲ ਰਹੀ ਸੀ ਕਿ ਬੱਤੀ ਚਲੀ ਗਈ। ਭੀੜ ਵਿਚ ਇਕ ਔਰਤ ਦਾ ਪੈਰ ਕੁਚਲਿਆ ਗਿਆ ਤਾਂ ਉਸ ਨੇ ਬੇਤਹਾਸ਼ਾ ਖਰੀਆਂ-ਖੋਟੀਆਂ ਸੁਨਾਉਣੀਆਂ ਸ਼ੁਰੂ ਕਰ ਦਿਤੀਆਂ। ਇੰਨੇ ਵਿਚ ਬੱਤੀ ਆ ਗਈ। ਉਸ ਨੇ ਦੇਖਿਆ ਕਿ ਉਸ ਦੇ ਕੋਲ ਇਕ ਨੌਜਵਾਨ ਖੜ੍ਹਾ ਹੈ। ਇਹ ਦੇਖਦਿਆਂ ਹੀ ਉਹ ਸ਼ਰਮਾ ਗਈ ਤੇ ਮੁਸਕਰਾ ਕੇ ਬੋਲੀ, "ਮਾਫ ਕਰਨਾ, ਮੈਂ ਸਮਝੀ ਸੀ ਕਿ ਇਹ ਮੇਰੇ ਪਤੀ ਦੀ ਕਰਤੂਤ ਹੈ।"


**Lo-Cost Aluminum Railing (1985) Ltd.**
Specialists in Commercial & Residential
Railings & Awning Frames
**Sajiv Paul**
Manager
**Ph. 272-2840 or 872-7227**
Unit K - 2420 SHELL RD.
RICHMOND, B.C.



**JOHAL'S COLLISION Ltd.**



- ਪੂਰੀ ਬਾਡੀ ਦਾ ਕੰਮ
- ਮਾਡਰਨ ਫਰੇਮਾਂ ਦੀ ਮੁਰੰਮਤ
- ਮਾਡਰਨ ਕੁਆਲਿਟੀ ਪੇਂਟਿੰਗ
- ICBC ਦੇ ਕਲੇਮ ਜਲਦੀ ਹੈਂਡਲ
- ਮੁਫਤ ਐਸਟੀਮੇਟ
- ਪ੍ਰਾਈਵੇਟ ਕਲੇਮ ....ਵਾਜਬ ਰੇਟਾਂ ਤੇ

*ALL TYPES OF BODY REPAIRS*
- CARS
- TRUCKS

*— FREE ESTIMATES —*
*ALL WORK CONDITIONALLY GUARANTEED*
**Balbir or Paul**
**12051 - 86th Ave. SURREY**
**Ph. 591-8151**



**Republic Day Greetings**
from
**D. P. Pandia & Associates**
**Immigration Consultants**
**Serving the Community Since 1939**

**Jitendra Desai** — **D. P.Pandia**

**Ph. (604)684-3716**
#61 - 553 Granville St. Vancouver, B.C.

ਇਮੀਗਰੇਸ਼ਨ ਬਾਰੇ ਸਲਾਹ ਲੈਣ ਲਈ ਡਾ: ਡੀ. ਪੀ. ਪਾਂਡੀਆ ਜਾਂ ਜਤਿੰਦਰ ਡਿਸਾਈ ਨੂੰ ਫੋਨ ਕਰੋ। ਡਾ: ਪਾਂਡੀਆ 1939 ਤੋਂ ਕਮਿਊਨਿਟੀ ਦੀ ਸੇਵਾ ਕਰ ਰਹੇ ਹਨ।

From

# ਭੰਡਾਲ ਡਰਾਈਵਾਲ ਲਿ:

# ਵੈਨਕੂਵਰ, ਬੀ. ਸੀ.

# Republic Day Greetings



President Jarnail S. Bhandal M.A.

**ਕੁੱਝ ਮਹੱਤਵ ਪੂਰਨ ਕੰਮ**

1. Hill Side Housing Co-op.
2. Co-op Housing
3. Station Court
4. Coquitlam Motor Inn.
5. False Creek Bld. A.
6. Hay's Mansion
7. Bonsor Ave. Apt.
8. Metro Town Place.

**ਕੰਪਨੀ ਦਾ ਨਾਂ**

Concost Management Inc.
Beta Construction Imperial Ventures Ltd.
Imperial Ventures Dominion Construction
H. Haebler Const. Ltd.
Polygon Properties.

**ਪ੍ਰਮਾਤਮਾ ਦੇ ਉਦਮ ਨਾਲ**

1. ਨਾਨਕਸਰ ਗੁਰੂ ਘਰ ਰਿਚਮੰਡ ਦੀ ਸੇਵਾ
2. ਗੁਰੂ ਘਰ ਸਕੈਮਸ਼ ਦੀ ਸੇਵਾ

Vice President
**Karnail S. Bhandal**

## BHANDAL DRYWALL LTD.

3397 Kingsway, Vancouver, B.C.

Ph. 430-5011

# ਜਗਦੀ ਰਹੇ ਇਲਾਹੀ ਜੋਤ

(ਸੰਤ ਹਰਚੰਦ ਸਿੰਘ ਜੀ ਲੌਂਗੋਵਾਲ)

ਡਾ. ਆਤਮ ਹਮਰਾਹੀ

ਚਿਹਰਾ ਨਿਰਾ ਬਹਿਸ਼ਤੀ ਚਾਨਣ
ਨੂਰੀ ਜਿਵੇਂ ਕਪਾਹੀ-ਫੁੱਟੀਆਂ,
ਝਲਕ-ਡਲ੍ਹਕ ਮਖ਼ਮੂਰੀ-ਆਭਾ,
ਸਿਮਰ ਸਿਮਰ ਕੇ ਸਹਿਜ ਕਮਾਇਆ,
ਦਰਸ ਮਨਾਂ ਨੂੰ ਠੰਡ ਪੁਚਾਵੇ,
'ਗੱਦੜਿਆਨੀ' ਰੋਹੀਆਂ ਦੇ ਵਿਚ,
ਸਿੱਪੀ-ਕੁੱਖ ਨੇ ਐਸਾ ਜਣਿਆ,
ਸਦੀਆਂ ਦੀ ਨੂਠੀ ਵਿਚ ਦਿੱਸੇ,
ਹੋਰ ਨਾ ਐਸਾ ਮੋਤੀ
ਜਗਦੀ ਰਹੇ ਇਲਾਹੀ ਜੋਤੀ।

ਵਿਥਿਆ- ਪੀੜ ਘਟਾਵਣ ਦੇ ਲਈ,
ਹੁਕਮ ਜਿਵੇਂ ਦਰਗਾਹੋਂ ਮਿਲਿਅਲਾ,
ਚੁਗਣ ਲਈ ਕਾਂਜੀ ਦੇ ਛਿੱਟੇ,
ਅੰਮ੍ਰਿਤ-ਦੁੱਧ ਦਿਲਾਂ ਵਿਚ ਟੇਪੇ,
ਖੁਣਸੀ ਅਤੇ ਖਰ੍ਹਦੀ ਸੋਚਾਂ,
ਉਸਨੂੰ ਆਡੋ-ਪਾਟੀ ਦਿਸੀਆਂ,
ਜਿਨਾਂ ਵਿਚੋਂ ਮੋਹ ਦਾ ਧਾਗਾ ਖੁੱਥਾ,
ਨਿਰਮਲ ਲੋਕ-ਮਨਾਂ ਦੀ ਨੇ ਵਿਚ
ਦੋਖੀ ਬਿਸੀਅਰ ਘੁੰਮਦੇ ਤੱਕੇ,
ਆਦਿ-ਕਾਲ ਦੇ ਕਿਸੇ ਤਪੀਸ਼ਰ,
ਜਨਮ-ਜਲਮ ਦੀ ਸਾਧ ਫਕੀਰੀ,
'ਮਾਖੋਵਾਲੋਂ' ਲੈ ਭਰਵਾਸਾ,
ਨੌਵੀ ਜੋਤ ਰਮਾ ਕੇ ਦਿਲ ਵਿਚ,
ਮਨੀ ਸਿੰਘ ਦਾ ਸਿਦਕ ਹੰਢਾ ਕੇ,
ਸਰਬ ਮੋਹ ਦਾ ਅੰਮ੍ਰਿਤ ਛਕ ਕੇ,
ਤੇਰ-ਮੇਰ ਦਾ ਭਾਵ ਮਿਟਾ ਕੇ,
ਵਿਹੁਲੇ ਬੋਲ ਚੁਪੀਤੇ ਸੁਣਕੇ,
ਧੁੰਦਾਂ ਤੇ ਚੰਘਿਆੜਾਂ ਵਿਚੋਂ
ਅਮਨ-ਚੈਨ ਦੀ ਹੱਕ-ਪ੍ਰਸ਼ਤੀ ਮਿਥ ਕੇ,
ਤਨ ਤੇ ਕਾਠਾ ਜਬਰ ਹੰਢਾ ਕੇ,
ਫਿਰ ਵੀ ਸੱਭੇ ਪੀੜਾਂ ਤਕ ਜੋ,
ਲੋਕ-ਮਨਾਂ ਦੀ ਸੁੱਚੀ ਮਾਲਾ,
ਤੰਗ ਹਿਤਾਂ ਨੇ ਜੋ ਸੀ ਤੋੜੀ,
ਸੱਚੇ ਸੰਤ, ਤਿਆਗੀ ਫੱਕਰ,
ਨਾਲ ਫਰਮੋਂ ਧੀਰਜ-ਧਾਰੀ,
ਆਪਣੀ ਸੋਚ-ਕੰਧੂਈ ਦੇ ਸੰਗ,
ਮਹਾਂ-ਨਗਰ ਵਿਚ ਪੁੱਜ ਪਰੋਤੀ
ਜਗਦੀ ਰਹੇ ਇਲਾਹੀ ਜੋਤੀ।



*ਸੱਚ ਵੇਖਣਾ, ਚੁਣਨਾ ਔਖਾ
ਸੱਚੇ ਪੈਂਡੇ ਤੁਰਨਾ ਔਖਾ
ਸੱਚ ਦਾ ਮਾਰਗ ਵਾਲੋਂ ਨਿੱਕਾ,
ਦੋਹੀਂ ਪਾਸੀਂ ਖਾਈਆਂ ਕੰਡੇ,
ਚੌਹੀਂ ਪਾਸੀਂ ਬਰਬਰ ਉੱਡੇ,
ਬਿਸੀਅਰ ਪੌਣਾਂ ਭਰਨ ਫਰਾਟੇ,
ਪੈਂਡੇ ਵਿਚ ਨੁਕੀਲੇ ਰੋੜੇ,
ਹੌਛੇ ਸਾਥੀ ਚੋਭਾਂ ਲਾਵਣ,
ਸਿਦਕੀ-ਸਾਬੁ ਵੀ ਛਿਜਦਾ ਜਾਵੇ,
ਪਲ ਪਲ ਮੌਤ ਦਿਖਾਵੇ ਚਿਹਰਾ
ਤੇ ਪਿੰਡੇ ਨੂੰ ਲਾਏ ਚੁਆਤੀ,
ਐਪਰ ਸੱਚ ਦੀ ਮੰਜ਼ਲ
ਨੂਰੀ ਨੂਰੀ ਦਿਸੇ,
ਤਦੇ ਹੀ ਸਿਦਕੀ ਕਦੇ ਨਾ ਟਲਦੇ
ਲਾੜੀ-ਮੌਤ ਵਿਆਹੁਣ ਦੇ ਲਈ,
ਸਾਰੀ ਉਮਰ, 'ਕੰਵਾਰੇ' ਰਹਿੰਦੇ,

ਆਪ ਗ੍ਰਿਹਸਤੋਂ ਇਸ ਲਈ ਟਲਦੇ
ਤਾਂ ਜੋ ਰਹਿਣ ਗ੍ਰਿਸਤੀ ਵਸਦੇ।
ਐਸੇ ਸੰਤ, ਤਪੀਸ਼ਰ, ਜੋਗੀ,
ਭੋਗ-ਤੇ ਰੋਗ ਤੋਂ ਬਹੁਤ ਉਚੇਰੇ,
ਜੈਸੇ ਜਲ ਮੇਂ ਕਮਲ ਨਿਰਲਮਾ,
ਕੂੜ-ਕਲੂਟਾ ਧੋਹ ਨਾ ਸਕੇ
ਰੂਪ-ਰੁਪਹਿਲੀ ਸੁੱਚੀਆਂ ਸੋਚਾਂ,
ਆਪਣਾ ਮਿਸ਼ਨ ਪਛਾਨਣ ਅਜ਼ਲੋਂ
ਮੰਤਰ-ਮੁਗਧਾ, ਸਹਿਜ ਦੀ ਮੂਰਤ ਬਣਕੇ,
ਜਿਸ ਤੋਂ, ਜ਼ਬਤ-ਸਿਦਕ ਦੀ ਨੂਰੀ ਆਭਾ ਮਿਲਦੀ,
ਭੈਅ ਤੋਂ ਮੁਕਤ ਕਬੂਰੀ ਵਰਗੀ ਦੇਹੀ,

ਆਉਧ ਪਵਿੱਤਰ ਤੁਕ ਬਾਣ ਦੀ
ਸਿਦਕ ਜਿਵੇਂ ਕੈਲਾਸ਼ੀ ਚੋਟੀ,
ਸੋਚ ਜਿਵੇਂ ਪ੍ਰਭਾਤ-ਸਮੀਰੀ,
ਚਿੱਤ ਜਿਵੇਂ ਪ੍ਰਭਾਤ-
ਚਿੱਤ ਜਿਵੇਂ ਸਾਗਰ ਦਾ ਥੱਲਾ
ਅੰਮ੍ਰਿਤ-ਵੱਤ ਮਖੀਰੀ ਰਸਨਾ
ਸੇਵਾ ਦੇ ਬਿਨ ਹੋਰ ਨਾ ਇੱਛਿਆ ਪਾਲੀ।
ਰਾਜ-ਭਾਗ ਤਾਂ ਜਿੱਤ ਜਿੱਤ ਛੱਡਿਆ,
ਮਾਇਆ ਬਣੀ ਫਕੀਰਾਂ ਦਾਸੀ,
ਉਸ ਨੇ ਮੋਹ ਦੀ ਭਰੀ-ਭੁਕਨੀ ਗੋਲਕ,
ਸਾਧੇ ਤਨ ਦੀ ਗਾਗਰ ਵਿਚ ਪਾ ਕੇ,
ਆਪਣਿਆਂ ਲੋਕਾਂ ਨੂੰ ਸਗਵੀਂ ਮੋੜੀ,
ਮਾਖੋਵਾਲੋਂ ਮਿਲਿਆ ਹੁਕਮ ਸੀ ਏਹੀ :
'ਜਾਣੀ-ਜਾਣ ਸ਼ਹੀਦੀ ਦੇਣੀ',
ਸੁੱਚੇ ਭਾਂਡੇ ਦੇ ਵਿੱਚ ਸੁੱਚੀਆਂ ਸੋਚਾਂ,
ਚੰਦਨ ਨਾਲੋਂ ਸੁੱਚੀਆਂ ਮਹਿਕਾਂ,

ਸੁੱਚੇ ਭਾਂਡੇ ਦੇ ਵਿਚ ਸੁੱਚੀਆਂ ਸੋਚਾਂ,
ਚੰਦਨ ਨਾਲੋਂ ਸੁੱਚੀਆਂ ਮਹਿਕਾਂ,
ਜੋ ਰੋਹੀ ਦੀ ਕੁਖੋਂ ਫੁੱਟੀਆਂ,
ਕਿਸੇ ਤਪੀਸ਼ਰ ਦੀ ਰੂਹ ਮੁੜ ਕੇ ਜਨਮੀ,
ਯੁੱਗਾਂ ਪਿਛੋਂ ਹਰੀਸ਼ ਚੰਦਾ ਹੀ,
ਏਸ ਯੁੱਗ ਿ ਵਚ ਮੁੜਕੇ ਹਰਚੰਦਾ ਬਣਿਆ,
ਓਸੇ ਵਰਗਾ ਮਹਾਂ-ਤਿਆਗੀ,
ਰਾਜ-ਭਾਗ ਦਾ ਮੋਹ ਤਿਆਗਣ ਵਾਲਾ
ਜੋ ਮਿਲਿਆ ਸੈ ਵਾਰਨ ਵਾਲਾ,
'ਤਿੰਨ ਸਦੀਆਂ ਦਸ ਸਾਲਾਂ' ਮਗਰੋਂ (1675)
ਨੌਵੀ ਰੂਹ ਨੂੰ, ਮੁੜ ਉਜਿਆਰਨ ਵਾਲਾ,
ਗੁਰਮਤਿ ਦੀ ਸਾਕਾਰ ਮੂਰਤੀ,
ਸਾਰੀ ਗੁਰਿਆਈ ਦਾ ਵਾਰਸ,
ਪਰਮ-ਤਿਆਗੀ, ਬ੍ਰਹਮ-ਗਿਆਨੀ,
'ਸੁਖਮਨ' ਸੰਤ-ਸਾਧ ਅਟਲਾਧਾ,
ਜਿਸ ਲੋਕਾਂ ਨੂੰ ਇਸ਼ਟ ਜਾਣਿਆ,
ਜਿਨ੍ਹਾਂ ਲੇਖੇ ਜ਼ਿੰਦ ਲਗਾਈ,
ਆਪਣਾ ਪਰਮ-ਪਵਿਤਰ ਲਹੂ ਲਗਾਕੇ,
ਮੈਲ ਦਿਲਾਂ ਦੀ ਧੋਤੀ,
ਜਗਦੀ ਰਹੇ ਸੁਗੰਧਿਤ ਜੋਤੀ।

ਇਹ ਜੋਤੀ ਜੋ ਮਾਖੋਵਾਲੋਂ ਚੱਲੀ,
ਸੰਕਟ ਭਰਿਆ ਯੁੱਗ ਲੰਘਾ ਕੇ,
ਗਿੱਦੜਿਆਨੀ ਦੇ ਵਿਚ ਫੁੱਟੀ,
'ਲੌਂਗੋਵਾਲ' ਸਦਾ ਕੇ ਬਿਘਰੀ,
ਤੇ ਮੁੜ ਦਿੱਲੀ ਲੇਖੇ ਅਰਘ ਚੜ੍ਹਾਂਕੇ,
ਆਪਣਿਆਂ ਦੇ ਦੋਖੀ ਹੱਥੋਂ,
ਸ਼ੇਰਪੁਰ ਦੀ ਜੂਹ ਵਿਚ ਮੁੱਕੀ
ਐਸੀ ਜੋਤੀ ਕਦ ਹੈ ਮੁੱਕੀ ?
ਲੋਕ-ਮਨਾਂ ਵਿਚ ਯਾਦ ਓਸਦੀ ਡਲ੍ਹਕੇ
ਇਤਿਹਾਸ-ਤਲੀ ਤੇ ਜੀਕਣ ਸੁੱਚਾ ਮੋਤੀ !
ਜਗਦੀ ਰਹੇ ਬੈਕੁੰਠੀ-ਜੋਤੀ,
ਜਗਦੀ ਰਹੇ ਇਲਾਹੀ ਜੋਤਹ,
ਜਗਦੀ ਰਹੇ ਤਪੀਸ਼ਰ ਜੋਤੀ,
ਜਗਦੀ ਰਹੇ ਜਗਦੀ ਰਹੇ ਕੰਵਾਰੀ ਜੋਤੀ,
ਜਗਦੀ ਰਹੇ ਫਕੀਰੀ ਜੋਤੀ,
ਜਗਦੀ ਰਹੇ ਸਮੀਰੀ ਜੋਤੀ,
ਇਸ ਜੋਤੀ ਦਾ ਸਦ-ਸੁਨੇਹਾ,
ਲੋਕਾਂ ਵਿਚ ਸਕੀਰੀ ਜਨਮੇਂ,
ਮੋਹ ਦੀ ਪੇਜ-ਅਮੀਰੀ ਜਨਮੇਂ,
ਰੋਸਾ ਤੇ ਦਿਲਗੀਰੀ ਘਟ ਜਾਏ;
ਮੋਹ ਵਿਚ ਕੋੜ-ਕੁੜੱਤਣ ਵਟ ਜਾਏ।

# ਪ੍ਰੈਸ ਰੀਲੀਜ਼

ਅਸੀਂ ਬੜੀ ਖ਼ੁਸ਼ੀ ਅਤੇ ਮਾਣ ਨਾਲ ਆਪ ਨੂੰ ਪਤਾ ਦੇਂਦੇ ਹਾਂ ਕਿ ਪਿਕਸ ਸੋਸਾਇਟੀ ਹਰ ਸ਼ਨਿਚਰਵਾਰ, ਵੈਨਕੂਵਰ ਕੁਆਪਰੇਟਿਵ ਰੇਡੀਓ, 102.7 FM ਤੇ ਸਮਾਜਕ, ਸਭਿਆਚਾਰਕ ਤੇ ਵਿਦਿਅਕ ਪਰੋਗਰਾਮ ਬਰਾਡਕਾਸਟ ਕਰਿਆ ਕਰੇਗੀ। ਇਹ ਪਰੋਗਰਾਮ ਇਕ ਫਰਵਰੀ, 1986 ਤੋਂ ਸ਼ੁਰੂ ਹੈ। ਆਮ ਲੋਕਾਂ ਦੀਆਂ ਸਭਿਆਚਾਰਕ, ਸਮਾਜਕ ਤੇ ਮਨੋਰੰਜਨ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਅਸੀਂ ਕਮਿਊਨਿਟੀ ਨੂੰ ਲਾਮਵੰਦ ਕਰਕੇ ਇਕ ਕਮਿਊਨਿਟੀ ਸੈਂਟਰ ਬਨੌਾਉਣ ਦਾ ਸੱਦਾ ਦੇਂਦੇ ਹਾਂ। ਅਸੀਂ ਸਾਰੀਆਂ ਅਗਾਂਹ ਵਧੂ ਜਥੇਬੰਦੀਆਂ ਤੇ ਵਿਅਕਤੀਆਂ ਨੂੰ ਅਰਜ਼ ਕਰਦੇ ਹਾਂ ਕਿ ਉਹ ਇਸ ਟੀਚੇ ਤੇ ਪਹੁੰਚਣ ਦ ਲਈ ਸਹਿਯੋਗ ਦੇਣ।

ਆਮ ਲੋਕਾਂ ਦੀ ਸੇਵਾ ਕਰਨ ਲਈ ਛੇਤੀ ਹੀ ਸੋਸਾਇਟੀ ਇਕ ਦਫਤਰ ਖੋਲ੍ਹ ਰਹੀ ਹੈ। ਰੀਸਰਚ ਸਾਡੀ ਸੁਸਾਇਟਾਂ ਦਾ ਇਕ ਤਕੜਾ ਅੰਗ ਰਹੇਗਾ। ਪਿਕਸ ਸੁਸਾਇਟੀ ਨੇ ਦਲੇਰੀ ਨਾਲ ਪਰੋਗਰਾਮ ਸ਼ੁਰੂ ਕੀਤਾ ਹੈ ਤਾਂਕਿ ਇਸ ਮੁਲਕ ਵਿਚ ਰਹਿਣ ਵਾਲੇ ਭਾਰਤੀਆਂ ਸਾਹਮਣੇ ਔਕੜਾਂ ਨੂੰ ਚੰਗੀ ਤਰ੍ਹਾਂ ਨਜਿਠਿਆ ਜਾਵੇ ਤੇ ਇਹੋ ਜਿਹੇ ਤਰੀਕੇ ਲੱਭੇ ਜਾਣ ਜਿਸ ਨਾ ਨਾਲ ਸਾਡੀ ਲੋਕਾਂ ਦੀ ਚੰਗੇਰੀ ਤੇ ਸੁਖੀ ਜ਼ਿੰਦਗੀ ਬੀਤੇ ਤੇ ਇਥੋਂ ਦੀ ਜ਼ਿੰਦਗੀ ਵਾਰੇ ਗਿਆਨ ਵਧੇ।

ਵਲੋਂ : ਪਰਧਾਨ ਚਰਨਪਾਲ ਗਿੱਲ
ਦੀ ਪਰੋਗਰੈਸਿਵ ਇੰਡੋ-ਕੈਨੇਡੀਅਨ ਕਮਿਊਨਿਟੀ ਸਰਵਿਸਜ਼ ਸੁਸਾਇਟੀ (ਪਿਕਸ)

# ਗ਼ਜ਼ਲ

ਸੁਰਿੰਦਰ ਭਾਰਤੀ, .

ਤੇਰੇ ਨਾਲ ਗੁਜਾਰੇ ਪਲ।
ਲਭਣੇ ਨਹੀਂ ਦੁਬਾਰੇ ਪਲ॥

ਪਲ ਪਲ ਕਟਣਾ ਔਖਾ ਹੈ।
ਹਿਜਰ ਦੇ ਔਖੇ ਸਾਰੇ ਪਲ॥

ਤੇਰੇ ਨਾਲ ਹੀ ਚੰਗੇ ਸਨ।
ਬਿਨ ਤੇਰੇ ਦੁਖਿਆਰੇ ਪਲ॥

ਦੁਖ ਸੁਖ ਕੱਟੇ ਤੇਰੇ ਨਾਲ।
ਹੁਣ ਨਾ ਜਾਣ ਸਹਾਰੇ ਪਲ॥

ਪਲ ਵਿੱਚ ਪਾਸਾ ਪਲਟ ਗਿਆ।
ਹੋਏ ਭਾਰੇ ਭਾਰੇ ਪਲ॥

ਹਰ ਪਲ ਤੈਨੂੰ ਢੂੰਡ ਰਹੇ।
ਕਿਥੇ ਜਾਣ ਵਿਚਾਰੇ ਪਲ॥

To protect your family, your mortgage, or to ensure your childrens' education, for an RRSP or an annuity, contact:



AVTAR S. RANDHAWA
B.A., B.T.
AVTAR S. RANDHAWA
Five times National Quality Award Winner
Metropolitan Insurance Companies
AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.

Non-smokers pay less for insurance.



Mohindar Singh Gill
MOHINDAR SINGH GILL
B. Comm., M.B.A., C.G.A.
Life Underwriter
Suite 1206,
4330 Kingsway,
Burnaby, B.C.
Ph. Off. 430-0455
Ph. Res. 433-1684
SunLife OF CANADA
Get your life in shape.

FIDELTY REALTY LTD.
5316 Victoria Drive
Vancouver, B.C.
BUYING & SELLING
Always Remember
Ph. 324-3888
HARPAL S. TOOR
Member Medallion Club
R.E. Board of Greater Vancouver
437-3350

ROYAL
new-used
FURNITURE

ਵੈਨਕੂਵਰ ਵਿਚ ਭਾਰਤੀਆਂ
ਦਾ ਫਰਨੀਚਰ ਸਟੋਰ

# ਰੌਇਲ ਫਰਨੀਚਰ ਲਿਮਿਟਿਡ

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.

**Ph. 874-9525**



PAUL TOOR





**Compare Anywhere!!!**
**Royal's Lowest Price**

**All 3 Pc. ..... $1995.95**

**4-Pc. Danish Design Pub Style High Back**
100% Nylon! includes: Sofa - Chair - Loveseat & ottoman available

**4 Pc.**
**January Clearance Price** **$549.95**



**7 Pc. Kitchen SET**

**$229.95**



**All 3 Pc.**
**$1195.95**

LOWEST PRICES GUARANTEED!!

R F

# Royal Furniture Ltd.

2607 Main St. (at 10th Ave.) Vancouver, B.C.

ROYAL - THE NAME FRIENDS RECOMMEND

ਸਿਆਸੀ ਟੋਟਕੇ / ਸੰਤ ਸਿੰਘ ਸੰਧੂ

# ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ

**ਨੀਲਾ ਤਾਰਾ—**
ਚੁੰਘੀ ਬੱਕਰੀ, ਬਣਾ 'ਤਾ ਡਾਕਾ
**ਬਾਬਾ ਦਲ—**
ਹੁਣ ਤੂੰ ਕਿੱਧਰ ਗਿਆ, ਜੇਠ ਬੋਲੀਆਂ ਮਾਰੇ
**ਰਾਜੀਵ ਦੰਗੇ—**
ਲੋਕਾਂ ਭਾਣੇ ਸੱਪ ਲੰਘਿਆ, ਤੰਬਾ ਯਾਰ ਦਾ ਫ਼ਰਾਟੇ ਮਾਰੇ
**ਸਪੇਰੋ—**
ਕਾਟੋ ਦੁੱਧ ਰਿੜਕੇ, 'ਚੁਗਲ' ਝਾਤੀਆਂ ਮਾਰੇ
**ਬਰਨਾਲਾ—**
ਅੰਗ ਦੇ ਪਤਲੇ ਨੇ, ਪਲੰਘ ਰੋਕ ਲਿਆ ਸਾਰਾ
**ਬੰਬ ਧਮਾਕੇ -**
ਉੱਤੇ ਪਾ ਦੇ ਫੁੱਲ ਕਲੀਆਂ, ਮੰਜਾ ਬੁਣ ਦੇ ਜੁਗਿੰਦਰਾ ਯਾਰਾ
**ਅਕਾਲੀ ਸੱਤਾ—**
ਹੁਣ ਮੈਨੂੰ ਕੁੜ ਨਾ ਕਹੀਂ, ਮੈਂ ਚਰਖ਼ਾ ਸੰਦੂਕ ਲਿਆਈ
**ਗੌਰੀ ਸ਼ੰਕਰ—**
ਤੋਪ ਕਿਬਰ ਹੰਕਾਰ ਦੀ ਅੱਗ ਵਰਤੇ, ਲਾਠੀ ਰੱਬ ਦੀ ਬੇ ਆਵਾਜ਼ ਆਈ
**ਮੇਨਕਾ—**
ਲਾਰਾ ਸਾਨੂੰ ਲਾ ਕੇ ਮੇਲੇ ਵੀ ਨਾ ਆਈ, ਜੇਬ ਵਿਚ ਪਾਈ ਫਿਰਾਂ ਤੇਰੀ ਮਠਿਆਈ
**ਇੰਕਾ ਮਾਤ—**
ਨਾ ਰੋ ਕੰਜਰਾਂ ਦੀਏ, ਹੁੰਦਾ ਜੱਟ ਦਾ ਸੁਹਾਗਾ ਭਾਰੀ
**ਮੰਤਰੀ ਮੰਡਲ—**
ਭਾਬੀਆਂ ਨੂੰ ਦਿਓਰ ਪੁੱਛਦੇ, ਹੁਣ ਕਦ ਆ ਕਪਾਹ ਦੀ ਵਾਰੀ
**ਸਮਝੌਤਾ—**
ਓਧਰੋਂ ਰੁਮਾਲ ਹਿਲਿਆ, ਮੇਰੀ ਏਧਰੋਂ ਹਿੱਲੀ ਫੁਲਕਾਰੀ





**ਮਸਲਾ ਯੁਵਕਾਂ ਦਾ**

ਮਸਲਾ ਯੁਵਕਾਂ ਦਾ ਯੁਵਕ ਹੀ ਸਮਝਦੇ ਨੇ,
ਆਉਣੀ ਸਮਝ ਕੀ, ਬੁੱਢਿਆਂ-ਠੇਰਿਆਂ ਨੂੰ।
ਫੜ ਕੇ ਆਪਸ ਦੇ ਵਿਚ ਲੜਾਈ ਜਾਂਦੇ,
ਐਵੇਂ ਤਿੱਤਰਾਂ ਅਤੇ ਬਟੇਰਿਆਂ ਨੂੰ।
ਉਨ੍ਹਾਂ ਘਰਾਂ ਵਿਚ ਵੀ ਚਾਨਣ ਚਾਹੀਦਾ ਏ,
ਦੇਂਦੇ ਰੌਸ਼ਨੀ ਜਿਹੜੇ ਬਨੇਰਿਆਂ ਨੂੰ।
ਮੁੰਡੇ ਵੇਖ ਕੇ ਮੌਸਮ ਦੀ ਸਰਦ-ਮਿਹਰੀ,
ਭੱਜੇ ਜਾਂਦੇ ਨੇ ਸੰਤਾਂ ਦੇ ਡੇਰਿਆਂ ਨੂੰ।

## ਗੁਰ ਬਾਣੀ ਦੀ ਅਯੋਗ ਵਰਤੋਂ

ਮੇਹਰ ਸਿੰਘ ਸੰਧੂ, ਵੈਨਕੂਵਰ

"ਸਾਬਤ ਸੂਰਤਿ ਦਸਤਾਰ ਸਿਰਾ"

ਮੈਂ ਖਿਮਾਂ ਦਾ ਜਾਚਕ ਹਾਂ ਪਰ ਕਈ ਪਰਚਾਰਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਰਾਗ ਮਾਰੂ, ਪੰਨਾ 1083 ਉਤੇ ਲਿਖੇ —

"ਅਲਹ ਅਗਮ ਖੁਦਾਈ ਬੰਦੇ"

ਵਾਲੇ ਸ਼ਬਦ ਵਿਚੋਂ ਅੱਧੀ ਤੁਕ —

"ਸਾਬਤ ਸੂਰਤਿ ਦਸਤਾਰ ਸਿਰਾ" (1084)

ਦਾ ਅਰਥ ਕਈ ਕੱਟੜ ਪੰਥੀ ਸਿਰ ਦੇ ਵਾਲ ਤੇ ਉਤੇ ਦਸਤਾਰ ਦਾ ਕਰਦੇ ਹਨ। ਇਹ ਅਰਥ ਗਲਤ ਹੈ ਅਤੇ ਜਾਣ ਬੁਝ ਕੇ ਗੁਰਬਾਣੀ ਨੂੰ ਮੋੜ ਤੋੜ ਕੇ ਆਪਣੀ ਮਰਜ਼ੀ ਦਾ ਅਰਥ ਕਰਨ ਤੁਲ ਹੈ!

ਪੰਜਵੇਂ ਨਾਨਕ ਦਾ ਸ਼ਬਦ ਜਿਸ ਵਿਚੋਂ ਸਾਬਤ ਸੂਰਤ ਦਸਤਾਰ ਸਿਰਾ, ਅਧੀ ਤੁਕ ਹੈ, ਇਕ ਮੁਸਲਮਾਨ ਫਕੀਰ ਦੇ ਪਰਥਾਏ ਉਚਾਰਿਆ ਹੋਇਆ ਹੈ। ਪੂਰੀ ਤੁਕ ਹੈ —

ਨਾਪਾਕ ਪਾਕ ਕਰਿ ਹਦੂਰਿ ਹਦੀਸਾ
ਸਾਬਤ ਸੂਰਤਿ ਦਸਤਾਰ ਸਿਰਾ। (1084)

ਹਦੀਸ ਇਸਲਾਮ ਦੀ, ਕੁਰਾਨ ਮਜੀਦ ਤੋਂ ਦੂਜੇ ਦਰਜੇ ਉਤੇ ਸਤਿਕਾਰੀ ਹੋਈ ਸ਼ਰੀਅਤ ਦੇ ਹੁਕਮਾਂ ਦੀ ਰਚਨਾ ਹੈ।

ਜੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਨੂੰ ਕੇਸ ਨੂੰ ਕੇਸ ਰਖਣ ਦੀਹ ਸਿਖਿਆ ਦੇਣ ਦਾ ਕੋਈ ਕਥਨ ਨਹੀਂ, ਤਾਂ ਗੁਰੂ ਅਰਜਨ ਦੇਵ ਜੀ, ਇੰਕ ਮੁਸਲਮਾਨ ਫਕੀਰ ਨੂੰ ਕੇਸ ਤੇ ਦਸਤਾਰ ਦੀ ਸਿਖਿਆ ਕਿਵੇਂ ਦੇ ਸਕਦੇ ਸਨ?

ਕਿਸੇ ਗੁਰੂ ਨੇ ਕਿਸੇ ਵਿਅਕਤੀ ਨੂੰ ਆਪਣੀ ਸ਼ਰੀਅਤ ਛੱਡਣ ਲਈ ਨਹੀਂ ਪ੍ਰੇਰਿਆ। ਸਗੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿਦੂ ਮਤ ਦੇ ਜੰਞੂ ਟਿੱਕੇ ਲਈ ਆਪਣੀ ਜਾਨ ਦੇ ਦਿਤੀ। ਮੈਨੂੰ ਸਮਝ ਨਹੀਂ ਆਉਂਦੀ ਕਿ ਖਾਲਸਾ ਪੰਥ ਦੇ ਪਰਚਾਰਕ ਜਾਣ ਬੁਝ ਕੇ ਗੁਰਬਾਣੀ ਨੂੰ ਭੰਨ ਤੋੜ ਕੇ ਗ਼ਲਤ ਭਾਵ ਕੱਢਣੋਂ ਬਾਜ਼ ਕਿਉਂ ਨਹੀਂ ਆਉਂਦੇ?

ਇਸ ਬੱਦ ਨੂੰ ਸਾਧਾਰਨ ਤੌਰ ਉਤੇ ਪੜ੍ਹਿਆ ਵੀ ਇਹ ਪ੍ਰਤਖ ਹੋ ਜਾਂਦਾ ਹੈ ਕਿ ਇਸ ਤੁਕ ਦਾ ਭਾਵ ਕੇਸਾਂ ਤੇ ਦਸਤਾਰ ਨਾਲ ਨਹੀਂ। ਪ੍ਰੋ: ਸਾਹਿਬ ਸਿੰਘ ਸਰਦਾਰ ਮਨਮੋਹਨ ਸਿੰਘ ਜੀ, ਡਾ: ਗੋਪਾਲ ਸਿੰਘ ਦੇ ਟੀਕਿਆਂ ਵਿਚ ਜਾਂ ਫਰੀਦ ਕੋਟ ਵਾਲੇ ਟੀਕੇ, ਵਿਚ ਕਿਤੇ ਵੀ ਇਸ ਤੁਕ ਦਾ ਉਹ ਭਾਵ ਨਹੀਂ ਕਢਿਆ ਜੋ ਸਾਡੇ ਪਰਚਾਰਕ ਤੇ ਲਿਖਾਰੀ ਕਢ ਕੇ ਸੰਗਤਾਂ ਨੂੰ ਭਰਮ ਭੁਲੇਖੇ ਵਿਚ ਪਾ ਰਹੇ ਹਨ।

ਹਵਾਲੇ

ਗੁਰ ਸਿੱਖੀ ਤ ਰਹਿਤ ਮਰਯਾਦਾ
ਅਮਰੀਕਾ ਵਿਚ ਗੁਰ ਸਿੱਖੀ — ਸੰਤੋਖ ਸਿੰਘ ਦਾ ਲੇਖ ਪ੍ਰੀਤਲੜੀ ਅਪਰੈਲ 1977

**ਨਵਾਂ ਦੌਰ**

ਰਾਤੋ ਰਾਤ ਅਚਾਨਕ ਨੇ ਬਦਲ ਗਈਆਂ,
ਸੱਭੇ ਸਾਡੀਆਂ ਰਹਿਣੀਆਂ ਬਹਿਣੀਆਂ ਜੀ।
ਨਵਾਂ ਦੌਰ ਪੰਜਾਬ ਵਿਚ ਸ਼ੁਰੂ ਹੋਇਆ,
ਨਵੀਆਂ ਕਾਰਾਂ ਹੀ ਅਸਾਂ ਨੇ ਲੈਣੀਆਂ ਜੀ।
ਰੰਬੇ ਸਣੇ ਦਿਤੀਆਂ, ਰੱਬ ਨੇ ਗਾਜਰਾਂ ਨੇ,
ਇਹ ਤਾਂ ਸਾਨੂੰ ਹੁਣ ਖਾਣੀਆਂ ਪੈਣੀਆਂ ਜੀ।


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................
Address.......................................
City..........................................
Province......................................
Postal code...................................
PHONE.

| | |
|---|---|
| One Year .................. | 25 dollars |
| Two Year .................. | 45 dollars |
| Three year ................ | 65 dollars |
| Life membership........... | 300 dollars |
| ASIA...................... | 100 dollars[a year] |
| U.S.A. ................... | 30 dollars [a year] |
| Europe ................... | 100 dollars[a year] |
| Africa ................... | 100 dollars [a year] |


## ਸੂਚਨਾ

### ਵੱਲੋਂ ਕਰਨੈਲ ਸਿੰਘ ਪਾਰਸ ਰਾਮੂੰਵਾਲੀਆ

ਮੈਂ ਕਰਨੈਲ ਸਿੰਘ 'ਪਾਰਸ' ਰਾਮੂੰਵਾਲੀਆ ਅੱਜ 14 ਸਤੰਬਰ 1983 ਤੋਂ ਖੁਦ ਆਪ ਤੋਂ ਬਿਨਾਂ ਤੇ ਬਾਅਦ ਦੂਜੇ ਨੰਬਰ ਤੇ ਆਪਣੀ ਕਵਿਤਾ ਜੋ ਪਿਛੇ ਰਚੀ ਤੇ ਅੱਗੇ ਨੂੰ ਰਚਾਂਗਾ, ਤਮਾਮ ਦਾ ਹੱਕ ਕੈਨੇਡਾ, ਕੈਨੇਡਾ ਵਾਸਤੇ ਸੁਦਾਗਰ ਸਿੰਘ 'ਸਿੱਧੂ' 'ਕਾਉਂਕੇ' ਨੂੰ ਦਿੰਦਾ ਹਾਂ ਜੋ ਵੈਨਕੂਵਰ ਬੀ, ਸੀ, ਵਿਚ ਰਹਿੰਦਾ ਹੈ।

ਇਸ ਦੀ ਪੱਕੀ ਇਜਾਜ਼ਤ ਤੋਂ ਬਿਨਾਂ ਮੇਰੀ ਕਵਿਤਾ ਭਾਵੇਂ ਛਪੀ ਵੀ, ਰੀਕਾਰਡਾਂ, ਰੇਡੀਓ, ਟੀ. ਵੀ. ਕੈਸਟਾਂ ਯਾ ਮੇਰੇ ਕਿਸੇ ਵੀ ਸ਼ਾਗਿਰਦ ਤੋਂ ਕਿਤੋਂ ਵੀ ਕਿਸੇ ਵੀ ਵਸੀਲੇ ਨਾਲ ਹਾਸਲ ਕਰਕੇ, ਕੋਈ ਵੀ ਆਦਮੀ, ਗੁਰੂ ਘਰਾਂ, ਮਨੋਰੰਜਨਾਂ ਪਾਰਟੀਆਂ, ਵੱਡੇ ਹਾਲਾਂ ਦੇ ਸ਼ੋਆਂ ਘਰੇਗੀ ਸਮਾਗਮਾਂ, ਰੇਡੀਓ, ਰੀਕਾਰਡਾਂ ਕੈਸਟਾਂ ਵਗੈਰ ਵਿਚ ਕਤਈ ਤੌਰ ਤੇ ਨਹੀਂ ਵਰਤ, ਬੋਲ ਯਾ ਗਾ ਸਕਦਾ ਹੈ।

ਜੋ ਵੀ ਆਦਮੀ ਜਾਣ ਬੁਝ ਕੇ ਯਾ ਅਣਜਾਣੇ ਉਕਤ ਲਿਖਤ ਦੀ ਉਲੰਘਣਾ ਕਰੇਗਾ ਮੇਰੇ ਵੱਲੋਂ ਸੁਦਾਗਰ ਸਿੰਘ 'ਸਿੱਧੂ' ਵਲਦ ਮਿਤ ਸਿੰਘ 'ਕਾਉਂਕੇ' ਨੂੰ ਸੰਪੂਰਨ ਅਧਿਕਾਰ ਪ੍ਰਾਪਤ ਹਨ ਕਿ ਉਹ ਉਸ (ਗਵੱਯੇ) ਨੂੰ ਐਸਾ ਕਰਨੋਂ ਰੋਕੇ। ਨਾ ਰੁਕਣ ਤੇ ਉਹ ਉਹ ਉਸ (ਗਵੱਯੇ) ਤੋਂ ਜਵਾਬ ਤਲਬੀ ਦੇ ਨਾਲ ਜੱਜ ਦੇ ਦਰਸ਼ਣ ਤੇ ਕੋਟ ਦੀ ਯਾਤਰਾ ਵੀ ਕਰਾਉਣ ਦਾ ਹੱਕ ਰੱਖਦਾ ਹੈ।

**ਬਕਲਮੇ - ਖੁਦ ਕਰਨੈਲ ਸਿੰਘ 'ਪਾਰਸ' ਰਾਮੂੰਵਾਲੀਆ**
**14 ਸਤੰਬਰ 1983 ਬੀ. ਸੀ. ਕੈਨੇਡਾ**

## ਖਬਰਦਾਰ

ਬੂਆ ਸਿੰਘ ਬਿਲਾਸਪੁਰੀ ਦੇ ਢਾਡੀ ਜੱਥੇ ਨੂੰ (ਜੋ ਅੱਜ ਕੱਲ ਕੈਨੇਡਾ ਵਿਚ ਮੇਰੀ ਕਵਿਤਾ ਦੀ ਖੁੱਲੀ ਵਰਤੋਂ ਕਰ ਰਿਹਾ ਹੈ) ਸੂਚਤ ਕੀਤਾ ਜਾਂਦਾ ਹੈ ਕਿ ਕਿਸੇ ਵੀ ਸਟੇਜ ਤੇ ਸਣੇ ਕੈਸਟਾਂ ਵਗੈਰਾ ਦੇ ਵਰਤੋਂ ਨਾ ਕਰਨ। ਜਿੰਨਾ ਚਿਰ ਮੇਰੀ ਯਾ ਸੁਦਾਗਰ ਸਿੰਘ 'ਸਿੱਧੂ' ਕਾਉਂਕੇ ਵੈਨਕੂਵਰ ਦੀ ਲਿਖਤੀ ਆਗਿਆ ਉਨ੍ਹਾਂ ਦੇ ਕੋਲ ਨਾ ਹੋਵੇ। ਇਸ ਲੇਖ ਨੂੰ ਹੀ (ਬੂਆ ਸਿੰਘ ਹੋਰੀਂ) ਸਰਕਾਰੀ ਨੋਟਿਸ ਸਮਝ ਲੈਣ, ਵਰਨਾ ਉਨ੍ਹਾਂ ਵਿਰੁੱਧ ਕਾਪੀ ਰਾਈਟਸ (ਲੇਖਿਕ ਦੇ ਹੱਕਾਂ ਵਾਲੇ) ਕਾਨੂੰਨ ਤਹਿਤ ਕਾਰਵਾਈ ਕੀਤੀ ਜਾਵੇਗੀ।

**ਬਾਕਲਮੇ - ਖੁਦ ਕਰਨੈਲ ਸਿੰਘ 'ਪਾਰਸ' ਰਾਮੂੰਵਾਲੀਆ**
15-1-86





ਸੁਦਾਗਰ ਸਿੰਘ ਸਿੱਧੂ ਦਾ ਫੋਨ
524-8861



# ਫ਼ਿਲਮ ਲੋਕ



## ਮਸ਼ਹੂਰੀ ਤੇ ਬਦਨਾਮੀ ਸਲਮਾ ਦੀਆਂ ਸਕੀਆਂ ਭੈਣਾਂ

ਫਿਲਮ ਜੀਵਨ ਵਿਚ ਮਸ਼ਹੂਰ ਤੇ ਆਮ ਜੀਵਨ 'ਚ ਬਦਨਾਮੀ ਸਲਮਾ ਆਗਾ ਨੇ ਕੱਪੜੇ ਬਦਲਣ ਵਾਂਗ ਇਕ ਹੋਰ ਪਤੀ ਬਦਲ ਲਿਆ। ਪਾਕਿਸਤਾਨੀ ਫਿਲਮਾਂ ਦੇ ਅਭਿਨੇਤਾ ਜਾਵੇਦ ਨਾਲ ਉਸਨੇ ਘਰ ਵਸਾਉਣ ਦਾ ਹੁਣ ਬਾਕਾਇਦਾ ਐਲਾਨ ਕਰ ਦਿਤਾ ਹੈ। "ਨਿਕਾਹ" ਤੋਂ ਪ੍ਰਸਿਧੀ ਪ੍ਰਾਪਤ ਕਰਨ ਵਾਲੀ ਸਲਮਾ ਆਗਾ ਦਾ ਇਹ ਪੰਜਵਾਂ ਨਿਕਾਹ ਹੈ। ਜਾਵੇਦ ਤੋਂ ਪਹਿਲਾਂ ਉਸ ਨੇ ਸਮੇਂ ਸਮੇਂ ਸਿਰ ਚਾਰ ਬੰਦਿਆਂ ਨੂੰ ਆਪਣੇ ਜੀਵਨ ਸਾਥੀ ਚੁਣਿਆ ਤੇ ਫੇਰ ਇਕ-ਇਕ ਕਰ ਕੇ ਸਭ ਨਾਲੋਂ ਨਾਤਾ ਤੋੜਦੀ ਗਈ।

ਪਿਛਲੇ ਕਾਫੀ ਸਮੇਂ ਅਰਸੇ ਤੋਂ ਸਲਮਾ ਆਗਾ ਪਾਕਿਸਤਾਨ ਵਿਚ ਰਹਿ ਰਹੀ ਹੈ। ਉਥੇ ਉਹਨੇ ਜਿਹੜੀਆਂ ਫਿਲਮਾਂ ਸਾਈਨ ਕੀਤੀਆਂ ਉਨ੍ਹਾਂ ਵਿਚੋਂ ਇਕ ਹੈ 'ਹਮ ਔਰ ਤੁਮ" ਜੋ ਕਿ ਹੁਣ ਮੁਕੰਮਲ ਹੋਣ ਦੇ ਨੇੜੇ ਹੈ। ਇਸ ਫਿਲਮ 'ਚ ਸਲਮਾ ਨਾਲ ਹੀਰੋ ਹੈ ਜਾਵੇਦ। ਤਦੇ ਉਹ ਇਕ ਦੂਜੇ ਦੇ ਸੰਪਰਕ ਵਿਚ ਆਏ ਤੇ ਫਿਰ ਨੇੜੇ ਹੀ ਨੇੜੇ ਹੁੰਦੇ ਗਏ। ਉਨ੍ਹਾਂ ਦੇ ਰੁਮਾਂਸ਼ ਦੀ ਚਰਚਾ ਤੇ ਲੁਕ ਕੇ ਨਿਕਾਹ ਕਰ ਲੈਣ ਦੀ "ਮਹਿਮਾ" ਵਾਹਵਾ ਖਿਡ ਗਈ ਸੀ, ਪਰ ਉਹ ਖੰਡਨ ਕਰਦੇ ਆ ਰਹੇ ਸਨ। ਹੁਣ ਸਲਮਾ ਨੇ ਮੂੰਹ ਪਾੜ ਕੇ ਤੇ ਹਿੱਕ ਤਾਣ ਕੇ ਆਖ ਦਿਤਾ ਹੈ ਕਿ ਉਸਨੇ ਕਰਾਚੀ ਵਿਚ ਜਾਵੇਦ ਨਾਲ ਨਿਕਾਹ ਦੀ ਰਸਮ ਅਦਾ ਕਰ ਲਈ ਸੀ। ਜਾਵੇਦ ਦੀ ਇਹ ਦੂਜੀ ਸ਼ਾਦੀ ਹੈ। ਪਹਿਲੀ ਪਤਨੀ ਨਾਲ ਜਾਵੇਦ ਦਾ ਸੁਭਾਅ ਨਹੀਂ ਸੀ ਰਲਦਾ ਜਿਸ ਕਰਕੇ ਘਰ ਵਿਚ ਅਕਸਰ ਤਣਾਓ ਦਾ ਮਾਹੌਲ ਰਹਿੰਦਾ ਸੀ। ਜਾਵੇਦ ਦੇ ਦੋ ਬੱਚੇ ਹਨ। ਪਹਿਲੀ ਪਤਨੀ ਨਾਲ ਉਸਨੇ ਤਲਾਕ ਲੈਣ ਉਪਰੰਤ ਹੀ ਸਲਮਾ ਆਗਾ ਨੂੰ ਪਤਨੀ ਕਰਾਰ ਦਿਤਾ ਹੈ।

"ਹਮ ਔਰ ਤੁਮ" ਦੀ ਆਊਟ ਡੋਰ ਸ਼ੂਟਿੰਗ ਦੌਰਾਨ ਲੰਡਨ ਵਿਚ ਸਲਮਾ ਆਗਾ ਤੇ ਜਾਵੇਦ ਦੇ ਰੁਮਾਂਸ ਦ੍ਰਿਸ਼ਾਂ ਨੂੰ ਜਦੋਂ ਫਿਲਮਾਇਆ ਜਾ ਰਿਹਾ ਸੀ ਤਾਂ ਰੋਲ ਨਿਭਾਉਂਦਿਆਂ ਉਨ੍ਹਾਂ ਦੇ ਮਨਾਂ 'ਚ ਸੱਚਮੁੱਚੀ ਦੀਆਂ ਤਰੰਗਾਂ ਛਿੜ ਗਈਆਂ। ਜਾਵੇਦ ਨੇ ਅਗਲੇ ਕੁਝ ਹੀ ਦਿਨਾਂ ਵਿਚ ਆਪਣੀ ਇੱਛਾ ਪ੍ਰਗਟਾਈ ਤੇ ਜ਼ਿੰਦਗੀ ਦੇ ਦੁਖਾਂਤ ਨੂੰ ਸੁਖਾਂਤ ਵਿਚ ਬਦਲਣ ਦੀ ਸਲਮਾ ਨੂੰ ਅਪੀਲ ਕੀਤੀ ਸਲਮਾ ਨੇ ਕਿਹਾ "ਮੇਰੀ ਮਾਂ ਨਾਲ ਵੀ ਗੱਲ ਕਰ ਲੈ।" ਮਾਂ ਵਿਚਾਰੀ ਨੇ ਕੀ ਆਖਣਾ ਸੀ। ਓਧਰ ਜਾਵੇਦ ਨੇ ਆਪਣੇ ਮਾਪਿਆਂ ਨੂੰ ਵੀ ਸਹਿਮਤ ਕਰ ਲਿਆ।

ਅਜੇ ਕੱਲ੍ਹ ਦੀ ਗੱਲ ਹੈ ਕਿ ਕਰੋੜਪਤੀ ਵਪਾਰੀ ਮਹਿਮੂਦ ਸਿਪਰਾ ਨਾਲ ਸਲਮਾ ਆਗਾ ਨੇ ਨਿਕਾਹ ਕਰਾਇਆ ਸੀ। ਦੋ-ਢਾਈ ਸਾਲ ਸਿਪਰਾ ਦੀ ਅੰਗੂਠੀ ਨੂੰ ਉਂਗਲ ਵਿਚ ਪਾ ਕੇ ਸਲਮਾ ਜਣੇ-ਖਣੇ ਨੂੰ ਦਿਖਾਉਂਦੀ ਫਿਰੀ। ਸਾਲ 1983 ਵਿਚ ਜਦੋਂ ਸਲਮਾ ਦੀ ਮਾਂ ਲੰਡਨ ਦੇ ਇਕ ਹਸਪਤਾਲ ਵਿਚ ਬਿਮਾਰ ਸੀ ਤਾਂ ਉਸੇ ਕਮਰੇ ਵਿਚ ਬੈਠਿਆਂ ਸਿਪਰਾ ਨੇ ਸਲਮਾ ਨੂੰ ਅੰਗੂਠੀ ਪਹਿਨਾਈ ਸੀ। ਜਦੋਂ ਫੇਰ ਸਿਪਰਾ ਨੇ ਆਪਣੀ ਪਹਿਲੀ ਪਤਨੀ ਸਮੀਨਾ ਨੂੰ ਛੱਡਣ ਤੋਂ ਟਾਲ-ਮਟੋਲ ਕੀਤੀ ਤਾਂ ਸਲਮਾ ਆਗਾ ਨੇ ਉਸ ਦੀ ਅਮੀਰੀ ਨੂੰ ਲੱਤ ਮਾਰਦਿਆਂ ਬਿਆਨਬਾਜ਼ੀ ਕੀਤੀ, "ਮੈਂ ਦਸ ਮਹਿਮੂਦ ਸਿਪਰੇ ਇਕ ਪਲ 'ਚ ਖਰੀਦ ਸਕਦੀ ਹਾਂ। ਉਹ ਕੀ ਸਮਝਦਾ ਆਪਣੇ ਆਪ ਨੂੰ। ਮੈਂ ਉਸਦੀ ਰਖੇਲ ਬਣ ਕੇ ਨਹੀਂ ਰ੍ਹਿ ਸਕਦੀ।"

ਬੀ. ਆਰ ਚੋਪੜਾ ਦੀ "ਨਿਕਾਹ" ਨਾਲ ਸਲਮਾ ਦੀ ਭਾਰਤ 'ਚ ਬੜੀ ਪੁਛ-ਪ੍ਰਤੀਤ ਵਧ ਗਈ ਸੀ ਪਰ ਉਹ ਆਪਣੇ ਆਪ ਨੂੰ ਫਿਲਮੀ ਖੇਤਰ 'ਚ ਸੰਭਾਲ ਨਾ ਸਕੀ। ਇੰਝ ਵੀ ਹੋਇਆ ਕਿ ਉਹਦੀਆਂ ਅਗਲੀਆਂ ਫਿਲਮਾਂ ਚੱਲ ਨਾ ਸਕੀਆਂ। "ਕਸਮ ਪੈਦਾ ਕਰਨੇ ਵਾਲੇ ਕੀ", ਮਾਰ ਖਾ ਗਈ। ਆਨੰਦ ਸਾਗਰ ਨੇ ਸਲਮਾ ਨੂੰ ਲੈ ਕੇ "ਸਲਮਾ" ਬਣਾਈ, ਪਰ ਪਿਟ ਗਈ। ਭਾਰਤ 'ਚ ਉਹਦੀ ਇਕ ਫਿਲਮ "ਬੇਬਸੀ" ਅਜੇ ਅਧੂਰੀ ਹੈ ਜਿਸਦਾ ਪ੍ਰੋਡਿਊਸਰ ਫਿਕਰਮੰਦ ਹੈ ਕਿ ਸਲਮਾ ਕੁਝ ਦਿਨ ਦਾ ਸਮਾਂ ਦੇ ਦੇਵੇ। ਪਰ ਸਲਮਾ ਅਜੇ ਅੱਗਿਓਂ ਅੱਗੇ ਤਾਰੀਖਾਂ ਪਾਈ ਜਾ ਰਹੀ ਹੈ। ਓਧਰ ਪਾਕਿਸਤਾਨੀ ਫਿਲਮ "ਹਮ ਏਕ ਹੈ" ਦਾ ਪ੍ਰੋਡਿਊਸਰ ਵੀ ਚਿੰਤਤ ਹੈ ਕਿਉਂ ਜੋ ਜਾਵੇਦ ਨਾਲ ਨਿਕਾਹ ਉਪਰੰਤ ਸਲਮਾ ਨੇ ਉਸ ਫਿਲਮ ਦੀ ਅਗਲੀ ਸ਼ੂਟਿੰਗ ਤੇ ਡੇਬਿੰਗ ਲਈ ਕੋਈ ਤਾਰੀਖ ਨਹੀਂ ਦਿਤੀ।

ਬਿਨਾ ਸ਼ੱਕ ਸਲਮਾ ਆਗਾ ਬਰੀਕ ਅਦਾਕਾਰ ਹੈ ਪਰ ਉਹਦਾ ਸੁਭਾਅ ਅਤੇ ਤੌਰ-ਤਰੀਕੇ ਅਜੀਬੋ-ਗਰੀਬ ਹਨ। ਨਤੀਜੇ ਵਜੋਂ ਇਹ ਮਨਜ਼ੂਰ ਹੋਣ ਦੇ ਨਾਲ ਨਾਲ ਬਦਨਾਮ ਵੀ ਹੈ। ਜਾਪਦਾ ਹੈ ਕਿ ਉਸਦੇ ਅੰਦਰ ਕੋਈ ਟੋਆ ਹੈ, ਕੋਈ ਭਟਕਣ ਹੈ ਜਿਸ ਨੂੰ ਭਰਨ ਜਾਂ ਦਬਾਉਣ ਦੇ ਯਤਨਾਂ ਵਿਚ ਉਹ ਹੋਰ ਵੱਧ ਬੇਚੈਨ ਹੋ ਜਾਂਦੀ ਹੈ। ਦੇਖਦੇ ਹਾਂ ਕਿ ਜਾਵੇਦ ਨਾਲ ਕਰਾਇਆ ਨਵਾਂ ਨਿਕਾਹ ਸਲਮਾ ਆਗਾ ਦੀ ਵਿਕੋਲਿਤਰੀ ਜ਼ਿੰਦਗੀ ਨੂੰ ਕੋਈ ਸੇਧ ਪ੍ਰਦਾਨ ਕਰਦਾ ਹੈ ਜਾਂ ਨਹੀਂ!

ਸਲਮਾ ਦੇ ਚਰਨਾਂ ਦਾ ਦਾਸ ਜਾਵਦ ਸ਼ੇਖ





ਆਪਣੀ ਪਹਿਲੀ ਪਤਨੀ ਜ਼ੀਨਤ ਤੇ ਬੱਚੇ ਨਾਲ



ਸਲਮਾ ਆਗਾ

## ਅਸ਼ੋਕ ਕੁਮਾਰ ਦੁਖੀ

ਹੈਦਰਾਬਾਦ — ਬਜ਼ੁਰਗ ਫਿਲਮ ਅਦਾਕਾਰ ਕਸ਼ੋਰ ਕੁਮਾਰ ਨੇ ਭਾਰਤੀ ਫਿਲਮਾਂ ਦੇ ਡਿੱਗ ਰਹੇ ਮਿਆਰ 'ਤੇ ਗੰਭੀਰ ਚਿੰਤਾ 'ਤੇ ਦੁੱਖ ਪ੍ਰਗਟ ਕੀਤਾ। ਇਥੇ ਕੌਮਾਂਤਰੀ ਮੇਲੇ ਫਿਲਮ ਮੇਲੇ ਦੇ ਸਬੰਧ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ f ਫਿਲਮਾਂ ਦਾ ਵਿਸ਼ਾ-ਵਸਤੂ ਦਿਨੋਂ ਦਿਨ ਨਿ੍ਘਰਦਾ ਜਾ ਰਿਹਾ ਹੈ ਅਤੇ ਸੰਗੀਤ ਏਨਾ ਸ਼ੋਰੀਲਾ ਹੁੰਦਾ ਜਾ ਰਿਹਾ ਹੈ ਕਿ ਇਸ ਦਾ ਆਨੰਦ ਮਾਨਣਾ ਨਾਮੁਮਕਿਨ ਹੈ।

ਇਕ ਪੱਤਰਕਾਰ ਦੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਭਾਰਤੀ ਫਿਲਮਾਂ ਹਕੀਕਤ ਤੋਂ ਕੋਹਾਂ ਦੂਰ ਹਨ ਅਤੇ ਬਹੁਤੀਆਂ ਫਿਲਮਾਂ ਅਮਰੀਕੀ ਫਿਲਮਾਂ ਦੀ ਨਕਲ ਹਨ। ਸ੍ਰੀ ਅਸ਼ੋਕ ਕੁਮਾਰ, ਜਿਨ੍ਹਾਂ ਨੇ ਇਥੇ ਫਿਲਮੋਤਸਵ 86 ਦਾ ਉਦਘਾਟਨ ਕੀਤਾ ਸੀ, ਨੇ ਉਦਘਾਟਨ ਸਮ ਸਮਾਗਮ ਦੇ ਆਯੋਜਨ ਦੀ ਸ਼ਲਾਘਾ ਕੀਤੀ।

ਇਸੇ ਦੌਰਾਨ ਆਂਧਰਾ ਪ੍ਰਦੇਸ਼ ਦੀ ਰਾਜਪਾਲ ਕੁਮਾਰੀ ਕੁਮਦਬੇਨ ਜੋਸ਼ੀ ਨੇ ਇਥੇ 21 ਚੋਣਵੀਆਂ ਭਾਰਤੀ ਫਿਲਮਾਂ ਦੇ ਪੈਨੋਰਮਾ ਦਾ ਉਦਘਾਟਨ ਕੀਤਾ।

ਇਹ ਪੈਨੋਰਮਾ, ਫਿਲਮੋਤਸਵ 86 ਦਾ ਹੀ ਇਕ ਹਿੱਸਾ ਹੈ। ਇਸ ਵਿਚ ਸ਼ਾਮਲ ਕੁਝ ਪਰਮੁੱਖ ਫਿਲਮਾਂ ਹਨ: "ਜਨਮ" (ਨਿਰਦੇਸ਼ਕ : ਮਹੇਸ਼ ਭੱਟ), "ਪਰਮਾ" (ਨਿਰਦੇਸ਼ਕ : ਅਪਰਨਾ ਸੇਨ), "ਤ੍ਰਿਕਾਲ" (ਜੀ. ਅਰਵਿੰਦਰਾ), "ਮਯੂਰੀ" (ਰਾਮੋਜੀ ਰਾਓ) ਤੇ "ਐਕਸੀਡੇਂਟ" (ਸ਼ੰਕਰ ਨਾਗ)।



ਸੰਨੀ ਦਿਓਲ

## ਆਧਾ ਰਾਮ ਆਧਾ ਰਾਵਣ

ਓਮਪੁਰੀ ਦੀਆਂ ਜਿਹੜੀਆਂ ਫਿਲਮਾਂ ਬਣ ਰਹੀਆਂ ਹਨ ਉਨ੍ਹਾਂ ਚੋਂ ਇਕ ਹੈ "ਆਧਾ ਰਾਮ ਆਧਾ ਰਾਵਣ"। ਇਹ ਫਿਲਮ ਆਪਣੇ ਟਾਈਟਲ ਕਰਕੇ ਇਕ ਦਮ ਧਿਆਨ ਖਿਚਦੀ ਹੈ ਤੇ ਇਸਦਾ ਵਿਸ਼ਾ ਵੀ ਟਿਪੀਕਲ ਹੈ। ਇਕ ਬਦਸੂਰਤ ਬੰਦੇ ਦਾ ਇਕ ਖੂਬਸੂਰਤ ਤੀਵੀਂ ਨਾਲ ਵਿਆਹ ਹੋ ਜਾਂਦਾ ਹੈ। ਪਤਨੀ ਦੀ ਖੂਬਸੂਰਤੀ ਪਤੀ ਨੂੰ ਡਿਸਟਰਬ ਕਰਨ ਲਗਦੀ ਹੈ।

ਇਸੀਂ ਕਸ਼ਮਕਸ਼ ਵਿਚ ਇਕ ਪੜਾਅ ਇਹ ਵੀ ਆਉਂਦਾ ਹੈ ਕਿ ਪਤਨੀ ਦੀ ਖੂਬਸੂਰਤੀ ਨੂੰ ਖਤਮ ਕਰਨ ਲਈ ਪਤੀ ਢੰਗ ਤਰੀਕੇ ਸੋਚਦਾ ਹੈ। ਅਜਿਹੇ ਪਾਤਰ ਨੂੰ ਓਮਪੁਰੀ ਨਿਭਾ ਕੇ ਵਿਖਾਏਗਾ "ਆਧਾ ਰਾਮ ਆਧਾ ਰਾਵਣ" ਵਿਚ ਉਸਦੀ ਪਤਨੀ ਦੀ ਭੂਮਿਕਾ ਨਿਭਾ ਰਹੇ ਹੈ ਦਿਵਿਆ ਰਾਣਾ, ਡੈਨੀ, ਰਾਕੇਸ਼ ਬੇਦੀ ਤੇ ਰਾਜ ਕਿਰਨ ਫਿਲਮ ਦੇ ਹੋਰ ਕਲਾਕਾਰ ਹਨ।

ਅਭਿਨ—ਕਲਾ ਦੇ ਝੰਡੇ ਗੱਡਣ ਉਪਰੰਤ ਤੇ ਕੌਮਾਂਤਰੀ ਪੱਧਰ ਦੀ ਸ਼ੋਹਰਤ ਨਾਲ ਓਮਪੁਰੀ ਹੁਣ ਸਟਾਰ ਵੀ ਹੈ ਤੇ ਸਟਾਰਾਂ ਵਾਲੀਆਂ ਆਦਤਾਂ ਵੀ ਉਸ 'ਚ ਪ੍ਰਵੇਸ਼ ਕਰ ਗਈਆਂ ਹਨ।

ਆਊਟਡੋਰ ਸ਼ੂਟਿੰਗ ਸਮੇਂ ਓਮਪੁਰੀ ਨਾਲ ਅਕਸਰ ਨਵੀਂ ਤੋਂ ਨਵੀਂ ਕੁੜੀ ਦਿਖਾਈ ਦਿੰਦੀ ਹੈ।

ਸ਼ੂਟਿੰਗ ਤੋਂ ਵਿਹਲਾ ਹੋ ਕੇ ਉਹ ਅਜਿਹੀਆਂ ਸਾਥਣਾਂ ਨਾਲ ਤਾਸ਼ ਖੇਡਦਾ ਹੈ। ਬੌਧਿਕ ਬਹਿਸ ਕਰਦਾ ਹੈ।

## ਮੇਹਰ ਮਿੱਤਲ ਦਾ ਡੁਬਈ ਦੌਰਾ

ਹਾਸ-ਅਭਿਨੇਤਾ ਮੇਹਰ ਮਿੱਤਲ ਦੋ ਹਫਤੇ ਅਬੂਧਾਬੀ ਅਤੇ ਡੁਬਈ ਲਗਾ ਕੇ ਪਰਤਿਆ ਹੈ।

ਉਥੇ ਉਸਨੇ ਆਪਣੀ ਟੀਮ ਸਮੇਤ ਅਲਮਲਾਰੀ ਹਾਲ ਲਾਅਲ ਨਾਸਰ ਹਾਲ 'ਚ ਸਟੇਜ-ਪਰੋਗਰਾਮ ਦਿਤੇ।

ਮਿਤਲ ਨੇ ਦੱਸਿਆ ਕਿ ਉਥੇ ਰਹਿਣ ਵਾਲੇ ਪਾਕਿਸਤਾਨੀ ਪੰਜਾਬੀਆਂ 'ਚ ਏਧਰਲੀਆਂ ਫਿਲਮਾਂ ਤੇ ਫਿਲਮੀ ਕਲਾਕਾਰਾਂ ਨੂੰ ਦੇਖਣ ਦੀ ਤੀਬਰ ਇੱਛਾ ਹੈ। ਮਿਤਲ ਕੈਂਪਾਂ ਵਿਚ ਜਾ ਕੇ ਪੰਜਾਬੀ ਮੁੰਡਿਆਂ ਨੂੰ ਮਿਲਿਆ ਤੇ ਉਨ੍ਹਾਂ ਦਾ ਦੁੱਖ-ਸੁੱਖ ਪੁਛਿਆ। ਉਹਨੂੰ ਇਹ ਜਾਣ ਕੇ ਬੜੀ ਨਿਰਾਸ਼ਾ ਹੋਈ ਕਿ ਤਥਾ-ਕਥਿਤ ਟਰੈਵਲ ਏਜੰਟ ਭੋਲੇ ਭਾਲੇ ਨੌਜਵਾਨਾਂ ਨੂੰ ਅਰਬ ਦੇਸ਼ਾਂ 'ਚ ਭੇਜਣ ਬਦਲੇ ਕਿੰਝ ਲੁਟ-ਖਸੁਟ ਕਰਦੇ ਹਨ।

ਮਿਤਲ ਨਾਲ ਸਕਿੱਟਾਂ ਕਰਨ ਵਾਲੇ ਕਲਾਕਾਰ ਸੌਦਾਗਰ ਬੇਗਮਪੁਰੀ ਨੇ ਦੱਸਿਆ "ਜਦੋਂ ਵੀ ਕਿਧਰੇ ਸ਼ਾਪਿੰਗ ਕਰਨ ਜਾਈਏ, ਮਿਤਲ ਦੁਆਲੇ ਲੋਕ ਇਕ-ਦਮ ਇਕੱਠੇ ਹੋ ਜਾਇਆ ਕਰਨ, ਕੋਈ ਕਹੇ ਆਟੋਗਰਾਫ ਦਿਓ, ਕੋਈ ਆਖੇ ਸਾਡੇ ਨਾਲ ਫੋਟੋ ਖਿਚਾਓ, ਕੋਈ ਕਹੇ ਹੱਥ ਮਿਲਾਓ..." ਸਕਿੱਟਾਂ ਤੋਂ ਇਲਾਵਾ ਸੌਦਾਗਰ ਨੇ ਸਟੇਜ 'ਤੇ "ਘੋਟਣਾ", "ਸੁਰਮਾ" ਗਾਣੇ ਵੀ ਗਾਏ।

ਉਹਨੀ ਹੀ ਦਿਨੀਂ ਰੰਧਾਵੇ ਸਮੇਤ ਭਾਰਤ ਦੇ ਕੁਝ ਹੋਰ ਪਹਿਲਵਾਨ ਡੁਬਈ 'ਚ ਕੁਸ਼ਤੀਆਂ ਵੀ ਕਰਨ ਗਏ ਹੋਏ ਸਨ। ਦਾਰਾ ਸਿੰਘ ਮੁਖ ਮਹਿਮਾਨ ਵਜੋਂ ਪੁੱਜਾ ਹੋਇਆ ਸੀ।

ਉਥੇ ਦੇ ਭਾਰਤੀ ਕੌਂਸਲਰ ਸਹਿਗਲ ਨੇ ਮੇਹਰ ਮਿੱਤਲ ਤੇ ਹੋਰ ਕਲਾਕਾਰਾਂ ਨੂੰ ਮਿਲ ਕੇ ਚੰਗਾ ਨਿੱਘ ਦਿਖਾਇਆ।

## ਸਵਾਰਥੀ ਬਣੋ-ਜਤਿੰਦਰ ਦਾ ਨਾਅਰਾ

ਹਿੰਦੀ ਫਿਲਮਾਂ ਅਤੇ ਦੱਖਣੀ ਫਿਲਮਾਂ ਵਿਚ ਇਕੋ ਸਮੇਂ ਇਕੋ ਜਿਹੀ ਮਕਬੂਲੀਅਤ ਰੱਖਣ ਵਾਲੇ ਐਕਟਰ ਜਤਿੰਦਰ 'ਤੇ ਦੋਸ਼ ਲਾਇਆ ਜਾਂਦਾ ਹੈ ਕਿ ਉਹ ਸਵਾਰਥੀ ਹੈ। ਜਿਹੜੀ ਵੀ ਐਕਟਰੈਸ ਉਭਰ ਕੇ ਅੱਗੇ ਆਉਂਦੀ ਹੈ, ਉਸੇ ਨਾਲ ਆਪਣੀ ਫਿਲਮ ਜੋੜੀ ਬਣਾ ਲੈਂਦਾ ਹੈ ਚਾਹੇ ਉਹ ਬਬੀਤਾ ਹੋਵੇ, ਚਾਹੇ ਨੰਦਾ ਹੋਵੇ, ਚਾਹੇ ਸ੍ਰੀ ਦੇਵੀ ਤੇ ਚਾਹੇ ਜੈ ਪ੍ਰਦਾ ਹੋਵੇ। ਜਤਿੰਦਰ ਦੇ ਅਸ਼ਕੇ ਜਾਣ ਨੂੰ ਜੀਅ ਕਰਦਾ ਹੈ ਕਿਉਂ ਜੋ ਉਹ ਇਸ ਦੋਸ਼ ਦਾ ਖੰਡਨ ਨਹੀਂ ਕਰਦਾ ਬਲਕਿ ਭਰੋਸੇ ਨਾਲ ਆਖਦਾ ਹੈ, "ਦੁਨੀਆਂ ਵਿਚ ਹਰ ਚੀਜ਼ ਸਵਾਰਥ ਦੀ ਬੁਨਿਆਦ 'ਤੇ ਖੜ੍ਹੀ ਹੈ। ਜੇਕਰ ਸਵਾਰਥ ਦੀ ਹੋਂਦ ਏਨੀ ਹੀ ਬਲਵਾਨ ਹੈ ਤਾਂ ਕਿਉਂ ਨਹੀਂ ਲੋਕ ਇਸ ਕੌੜੇ ਸੱਚ ਨੂੰ ਹੱਸ ਕੇ ਕਬੂਲ ਕਰ ਲੈਂਦੇ। ਆਪਣੇ ਸਵਾਰਥ ਨੂੰ ਛੁਪਾਉਣ ਵਿਚ ਕਿਉਂ ਅਨਰਜੀ ਵੇਸਟ ਕਰ ਰਹੇ ਨੇ, ਮਾਨਸਿਕ ਪ੍ਰੇਸ਼ਾਨੀਆਂ ਸਹੇੜ ਰਹੇ ਹਨ

ਪੱਛਮ ਵਾਲੇ ਇਸ ਦੰਭ ਤੋਂ ਉਚੇ ਉਠੇ ਹੋਏ ਹਨ ਤੇ ਮੈਂ ਤਾਂ ਕਹਾਂਗਾ ਕਿ ਕੌਮੀ ਪੱਧਰ 'ਤੇ ਨਾਅਰਾ ਲਾਇਆ ਜਾਵੇ-ਸਵਾਰਥੀ ਬਣੋ।

## ਦੁੰਮ-ਛੱਲਾ

ਨਵੀਂ ਪੀੜ੍ਹੀ ਦੇ ਐਕਟਰ ਸੰਨੀ ਦਿਓਲ, ਸੰਜੇ ਦੱਤ ਅਤੇ ਸੁਨੀਲ ਆਨੰਦ ਦੀ ਬਹਿਸ ਚੱਲ ਪਈ ਕਿ ਲੋਕਾਂ ਵਿਚ ਵੱਧ ਹਰਮਨ ਪਿਆਰਾ ਕੌਣ ਹੈ? ਫੈਸਲਾ ਨਾ ਹੁੰਦਾ ਦੇਖ ਕੇ, ਉਨ੍ਹਾਂ ਕਿਹਾ ਕਿ ਚਲੋ ਭੇਸ ਬਦਲ ਕੇ ਬਜ਼ਾਰ ਵਿਚ ਚਲਦੇ ਹਾਂ। ਫੋਟੋਆਂ ਦੀ ਦੁਕਾਨ ਤੋਂ ਜਾ ਕੇ ਉਨ੍ਹਾਂ ਪੁੱਛਿਆ :—

"ਸੰਨੀ ਦਿਓਲ ਦੀ ਫੋਟੋ ਕਿੰਨੇ ਦੀ ਮਿਲੇਗੀ ?"

"ਪੰਜ ਰੁਪਏ ਦੀ" ਦੁਕਾਨਦਾਰ ਨੇ ਜਵਾਬ ਦਿਤਾ।

"ਸੰਜੇ ਦੱਤ ਦੀ ਫੋਟੋ ਕਿੰਨੇ 'ਚ ?"

"ਤਿੰਨ ਰੁਪਏ ਦੀ।"

"ਸੁਨੀਲ ਆਨੰਦ ਦੀ ਫੋਟੋ ਕਿੰਨੇ ਵਿਚ ?"

ਦੁਕਾਨਦਾਰ ਖਿਝ ਗਿਆ ਤੇ ਇਕੋ ਸਾਹੇ ਬੋਲਿਆ, "ਤੁਸੀਂ ਕੀਮਤਾਂ ਹੀ ਪੁਛੋਗੇ ਕਿ ਕੁਝ ਖਰੀਦੋਗੇ ਵੀ। ਚਲੋ, ਜੇ ਸੰਨੀ ਦਿਓਲ ਤੇ ਸੰਜੇ ਦੱਤ ਦੀਆਂ ਫੋਟੋਆਂ ਲਓਗੇ ਤਾਂ ਸੁਨੀਲ ਆਨੰਦ ਦੀ ਫੋਟੋ ਮੁਫਤ ਦੇ ਦਿਆਂਗਾ। ਹਾਂ ਜੇਕਰ ਐਕਟਰੈਸ ਮੰਦਾਕਨੀ ਦਾ ਵੱਡਾ ਪੋਸਟਰ ਖਰੀਦਣਾ ਹੈ ਤਾਂ ਇਨ੍ਹਾਂ ਤਿੰਨਾ ਐਕਟਰਾਂ ਦੀਆਂ ਫੋਟੋਆਂ ਮੁਫਤ।"

### ਵੀਹਵੀਂ ਸਦੀ

ਵੀਹਵੀਂ ਸਦੀ ਦੇ ਅਸੀਂ ਗਭਰੀਟ ਆਸ਼ਕ,
ਮੱਧਕਾਲ ਦੇ ਰੋਣੇ ਨਾ ਰੋਵਣੇ ਨੀ।
ਘਰ ਘਰ ਜੰਮਣਾ, ਹੀਰਾਂ ਤੇ ਰਾਂਝਿਆਂ ਨੇ,
ਵਾਰਿਸ ਜਿਹੇ ਪਰ ਕਵੀ ਨਾ ਹੋਵਣੇ ਨੀ।
ਫੜ ਕੇ ਬਾਹੋਂ, ਟਰੈਕਟਰ 'ਚ ਸਿੱਟ ਲੈਣਾ,
ਅੰਗ ਅੱਖੀਆਂ ਨਾਲ ਨਾ ਟੋਹਵਣੇ ਨੀ।
ਅਸੀਂ ਜੱਟ ਕਮੈਂਟਰੀ ਸੁਣਨ ਵਾਲੇ,
ਧੜੇ ਧੀਦੋਆਂ ਦੇ ਧੋਣੇ ਨਾ ਧੋਵਣੇ ਨੀ।


# NORTH AMERICAN LIFE ASSURANCE CO.



Sunil Ahuja

## SUNIL AHUJA
representative

- ☐ Life Insurance
- ☐ Mortgage Insurance
- ☐ Children's Educational Plans
- ☐ RRSP

Bus. 685-9335
Res. 581-6546

320, 815 West Hasting St.
VANCOUVER, B.C. V6C 2W1

# ROKKO SAREES & FABRICS

**6201 Fraser Street**
**VANCOUVER**
**Tel: 327-3033**

## ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ
## ਖੁਲ੍ਹਾ ਰਹਿੰਦਾ ਹੈ




## ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ
## ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ

**ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ ਆਉਣਾ ਨਾ ਭੁਲੋ!!**

**ROKKO SAREES & FABRICS**
**6201 Fraser Street**
**VANCOUVER**
**Tel: 372-3033**